Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 185 | Tuesday, September 21, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਇੰਟਰਨੈਸ਼ਨਲ ਟਰੈਵਲਰਜ਼ ਨੂੰ ਨਵੰਬਰ ਤੋਂ ਮਨਜ਼ੂਰੀ ਦੇਵੇਗਾ ਅਮਰੀਕਾ?




ਵਾਸ਼ਿੰਗਟਨ, 20 ਸਤੰਬਰ (ਪੋਸਟ ਬਿਊਰੋ) : ਵਾਈਟ ਹਾਊਸ ਵੱਲੋਂ ਸੋਮਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਨਵੰਬਰ ਦੇ ਸ਼ੁਰੂ ਤੋਂ ਇੰਟਰਨੈਸ਼ਨਲ ਟਰੈਵਲ ਨੂੰ ਮਨਜ਼ੂਰੀ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਅਮਰੀਕਾ ਟਰੈਵਲ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਕੋਵਿਡ-19 ਦੇ ਸਬੰਧ ਵਿੱਚ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਇਆ ਹੋਣਾ ਜ਼ਰੂਰੀ ਹੋਵੇਗਾ।

ਬਾਇਡਨ ਪ੍ਰਸ਼ਾਸਨ ਵੱਲੋਂ ਇਸ ਐਲਾਨ ਨਾਲ ਇਹ ਸਪਸ਼ਟ ਸੰਕੇਤ ਦਿੱਤਾ ਗਿਆ ਹੈ ਕਿ ਮਹਾਂਮਾਰੀ ਕਾਰਨ ਮਾਰਚ 2020 ਤੋਂ ਲੱਗੀਆਂ ਪਾਬੰਦੀਆਂ ਵਿੱਚ ਉਹ ਢਿੱਲ ਦੇਣ ਦੀ ਤਿਆਰੀ ਕਰ ਰਹੇ ਹਨ। ਪਰ ਅਜੇ ਤੱਕ ਇਸ ਸਬੰਧ ਵਿੱਚ ਪੂਰੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਮਿਸਾਲ ਵਜੋਂ ਇਹ ਸਪਸ਼ਟ ਨਹੀਂ ਹੈ ਕਿ ਇਸ ਨਵੀਂ ਪਾਲਿਸੀ ਨਾਲ ਕੈਨੇਡਾ-ਅਮਰੀਕਾ ਜ਼ਮੀਨੀ ਬਾਰਡਰ ਉੱਤੇ ਆਵਾਜਾਈ ਉੱਤੇ ਕੀ ਅਸਰ ਪਵੇਗਾ। ਇੱਥੇ ਗੈਰ ਜ਼ਰੂਰੀ ਵਿਜ਼ੀਟਰਜ਼ ਦੇ ਸਰਹੱਦ ਪਾਰ ਕਰਨ ਉੱਤੇ ਪਾਬੰਦੀ ਲੱਗੀ ਹੋਈ ਹੈ।

ਵਾਈਟ ਹਾਊਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਖਾਸ ਪਾਬੰਦੀ 21 ਅਕਤੂਬਰ ਤੱਕ 30 ਦਿਨਾਂ ਲਈ ਹੋਰ ਵਧਾ ਦਿੱਤੀ ਗਈ ਹੈ। ਇੱਕ ਹੋਰ ਸਵਾਲ ਇਹ ਹੈ ਕਿ ਜਿਹੜੇ ਕੈਨੇਡੀਅਨਜ਼ ਨੇ ਆਕਸਫੋਰਡ-ਐਸਟ੍ਰਾਜ਼ੈਨੇਕਾ ਦੀ ਵੈਕਸੀਨ ਲਗਵਾਈ ਹੈ, ਕੀ ਉਹ ਇਸ ਯੋਗਤਾ ਸਬੰਧੀ ਟੈਸਟ ਨੂੰ ਪੂਰਾ ਕਰਨਗੇ ਕਿਉਂਕਿ ਇਸ ਵੈਕਸੀਨ ਨੂੰ ਅਮਰੀਕਾ ਵਿੱਚ ਮਾਨਤਾ ਹਾਸਲ ਨਹੀਂ ਹੈ।

## ਇੱਕ ਵਾਰੀ ਮੁੜ ਬਣੇਗੀ ਘੱਟ ਗਿਣਤੀ ਲਿਬਰਲ ਸਰਕਾਰ



ਓਟਵਾ, 20 ਸਤੰਬਰ (ਪੋਸਟ ਬਿਊਰੋ) : ਮਹਾਂਮਾਰੀ ਦੌਰਾਨ ਕਰਵਾਈਆਂ ਗਈਆਂ ਚੋਣਾਂ ਵਿੱਚ ਇੱਕ ਵਾਰੀ ਮੁੜ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਜਿੱਤ ਹਾਸਲ ਹੋਈ ਹੈ। ਪਰ ਇਸ ਵਾਰੀ ਵੀ ਲਿਬਰਲ ਸੰਪੂਰਨ ਬਹੁਮਤ ਹਾਸਲ ਨਹੀਂ ਕਰ ਸਕੇ ਤੇ ਉਨ੍ਹਾਂ ਨੂੰ ਘੱਟ ਗਿਣਤੀ ਸਰਕਾਰ ਨਾਲ ਹੀ ਸਬਰ ਕਰਨਾ ਹੋਵੇਗਾ।

ਕਈ ਹਲਕਿਆਂ ਵਿੱਚ ਲੋਕਾਂ ਵੱਲੋਂ ਲੰਮੀਆਂ ਲਾਈਨਾਂ ਲਾ ਕੇ ਵੋਟਿੰਗ ਵਿੱਚ ਹਿੱਸਾ ਲਿਆ ਗਿਆ। ਸ਼ੁਰੂਆਤੀ ਨਤੀਜਿਆਂ ਵਿੱਚ ਲਿਬਰਲਾਂ ਨੂੰ 157 ਸੀਟਾਂ ਹਾਸਲ ਹੋ ਚੁੱਕੀਆਂ ਸਨ। ਅੱਜ ਰਾਤ 338 ਫੈਡਰਲ ਹਲਕਿਆਂ ਵਿੱਚ ਵੋਟਾਂ ਪਈਆਂ। ਬਹੁਗਿਣਤੀ ਸਰਕਾਰ ਬਣਾਉਣ ਲਈ ਕਿਸੇ ਵੀ ਪਾਰਟੀ ਨੂੰ 170 ਸੀਟਾਂ ਉੱਤੇ ਜਿੱਤ ਹਾਸਲ ਕਰਨ ਦੀ ਲੋੜ ਸੀ।

ਇਸ ਦੌੜ ਵਿੱਚ ਦਾਖਲ ਹੋਣ ਸਮੇਂ ਲਿਬਰਲਾਂ ਕੋਲ 155 ਸੀਟਾਂ, ਕੰਜ਼ਰਵੇਟਿਵਾਂ ਕੋਲ 119 ਸੀਟਾਂ, ਬਲਾਕ ਕਿਊਬਿਕੁਆ ਕੋਲ 32 ਸੀਟਾਂ, ਐਨਡੀਪੀ ਕੋਲ 24 ਸੀਟਾਂ ਤੇ ਗ੍ਰੀਨ ਪਾਰਟੀ ਕੋਲ ਦੋ ਸੀਟਾਂ ਸਨ। ਇਸ ਤੋਂ ਇਲਾਵਾ ਪੰਜ ਆਜ਼ਾਦ ਐਮਪੀਜ਼ ਸਨ ਤੇ ਇੱਕ ਸੀਟ ਖਾਲੀ ਸੀ। ਨਤੀਜੇ ਐਲਾਨੇ ਜਾਣ ਸਮੇਂ ਸਾਰਿਆਂ ਦੀਆਂ ਅੱਖਾਂ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਉੱਤੇ ਲੱਗੀਆਂ ਹੋਈਆਂ ਸਨ। ਪਰ ਉਨ੍ਹਾਂ ਦੀ ਪਾਰਟੀ ਜਿਹੋ ਜਿਹੇ ਨਤੀਜੇ ਚਾਹੁੰਦੀ ਸੀ ਉਨ੍ਹਾਂ ਨੂੰ ਉਹ ਹਾਸਲ ਨਹੀਂ ਹੋ ਸਕੇ। ਹੋਰਨਾਂ ਪਾਰਟੀਆਂ ਵੱਲ ਜੇ ਝਾਤੀ ਮਾਰੀ ਜਾਵੇ ਤਾਂ ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਦੇ ਕੋਲ ਓਨੀਆਂ ਹੀ ਸੀਟਾਂ ਹਨ ਜਿੰਨੀਆਂ ਕਿ ਚੋਣਾਂ ਦਾ ਸੱਦਾ ਦਿੱਤੇ ਜਾਣ ਤੋਂ ਪਹਿਲਾਂ ਸਨ, ਐਨਡੀਪੀ ਆਗੂ ਜਗਮੀਤ ਸਿੰਘ ਨੂੰ ਮਿਲੀਆਂ ਵੋਟਾਂ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ ਤੇ ਇਸ ਹਿਸਾਬ ਨਾਲ ਤੀਜੀ ਪਾਰਟੀ ਦੀ ਥਾਂ ਲੈਣ ਲਈ ਦੋਵਾਂ ਪਾਰਟੀਆਂ ਵਿੱਚ ਬਰਾਬਰ ਦੀ ਟੱਕਰ ਚੱਲ ਰਹੀ ਹੈ। ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਤੇ ਪੀਪਲਜ਼ ਪਾਰਟੀ ਆਗੂ ਮੈਕਸਿਮ ਬਰਨੀਅਰ ਕੋਈ ਜਲਵਾ ਵਿਖਾਉਣ ਵਿੱਚ ਅਸਫਲ ਰਹੇ।

ਮੁੱਢਲੇ ਨਤੀਜਿਆਂ ਦੇ ਹਿਸਾਬ ਨਾਲ ਲਿਬਰਲਾਂ ਨੂੰ ਇੱਕ ਵਾਰੀ ਮੁੜ ਘੱਟਗਿਣਤੀ ਸਰਕਾਰ ਹੀ ਬਣਾਉਣੀ ਹੋਵੇਗੀ ਤੇ ਆਪਣੇ ਬਿੱਲ ਪਾਸ ਕਰਵਾਉਣ ਲਈ ਦੂਜੀਆਂ ਪਾਰਟੀਆਂ ਦਾ ਸਹਾਰਾ ਲੈਣਾ ਹੋਵੇਗਾ।


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home / Auto
Business / Trucking
Life Insurance / Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

## 5 ਤੋਂ 11 ਸਾਲ ਦੇ ਬੱਚਿਆਂ 'ਤੇ ਵੀ ਅਸਰਦਾਰ ਹੈ ਫਾਈਜ਼ਰ ਦੀ ਕੋਵਿਡ-19 ਵੈਕਸੀਨ



ਓਟਵਾ, 20 ਸਤੰਬਰ (ਪੋਸਟ ਬਿਊਰੋ) : ਫਾਈਜ਼ਰ ਨੇ ਸੋਮਵਾਰ ਨੂੰ ਆਖਿਆ ਕਿ ਉਸ ਦੀ ਕੋਵਿਡ-19 ਵੈਕਸੀਨ 5 ਸਾਲ ਤੋਂ 11 ਸਾਲਾਂ ਦੇ ਉਮਰ ਦੇ ਬੱਚਿਆਂ ਉੱਤੇ ਵੀ ਕੰਮ ਕਰਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਜਲਦ ਹੀ ਉਹ ਅਮਰੀਕਾ ਤੋਂ ਇਸ ਉਮਰ ਵਰਗ ਲਈ ਵੀ ਮਨਜ਼ੂਰੀ ਲੈਣਗੇ। ਇਹ ਬੱਚਿਆਂ ਦੀ ਵੈਕਸੀਨੇਸ਼ਨ ਲਈ ਅਹਿਮ ਕਦਮ ਹੋਵੇਗਾ।

ਫਾਈਜ਼ਰ ਤੇ ਜਰਮਨੀ ਦੀ ਕੰਪਨੀ ਬਾਇਓਐਨਟੈਕ ਦੀ ਭਾਈਵਾਲੀ ਸਦਕਾ ਤਿਆਰ ਇਹ ਵੈਕਸੀਨ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਪਹਿਲਾਂ ਹੀ ਉਪਲਬਧ ਸੀ।ਪਰ ਹੁਣ ਬੱਚੇ ਸਕੂਲਾਂ ਵਿੱਚ ਪਰਤ ਆਏ ਹਨ ਤੇ ਡੈਲਟਾ ਵੇਰੀਐਂਟ ਵੀ ਤੇਜ਼ੀ ਨਾਲ ਫੈਲ ਰਿਹਾ ਹੈ ਜਿਸ ਕਾਰਨ ਪੀਡੀਐਟ੍ਰਿਕ ਇਨਫੈਕਸ਼ਨਜ਼ ਵਿੱਚ ਕਾਫੀ ਵਾਧਾ ਹੋਇਆ ਹੈ। ਬਹੁਤ ਸਾਰੇ ਮਾਪੇ ਬੜੀ ਬੇਸਬਰੀ ਨਾਲ ਵੈਕਸੀਨੇਸ਼ਨ ਦੀ ਉਡੀਕ ਕਰ ਰਹੇ ਹਨ।

ਐਲੀਮੈਂਟਰੀ ਸਕੂਲ ਵਾਲੇ ਬੱਚਿਆਂ ਲਈ ਫਾਈਜ਼ਰ ਨੇ ਕਿਤੇ ਘੱਟ ਡੋਜ਼ ਨਾਲ ਟੈਸਟ ਕੀਤਾ ਹੈ। ਇਹ ਹੁਣ ਦਿੱਤੀ ਜਾਣ ਵਾਲੀ ਵੈਕਸੀਨ ਦੀ ਡੋਜ਼ ਦਾ ਇੱਕ ਤਿਹਾਈ ਹੈ। ਫਾਈਜ਼ਰ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਡਾ. ਬਿੱਲ ਗਰਬਰ ਨੇ ਆਖਿਆ ਕਿ ਇਸ ਵੈਕਸੀਨ ਦੀ ਦੂਜੀ ਡੋਜ਼ ਲੈਣ ਤੋਂ ਬਾਅਦ ਬੱਚਿਆਂ ਵਿੱਚ ਵੀ ਕਰੋਨਾਵਾਇਰਸ ਨਾਲ ਲੜਨ ਲਈ ਐਂਟੀਬੌਡੀ ਦਾ ਪੱਧਰ ਟੀਨੇਜਰਜ਼ ਤੇ ਬਾਲਕਾਂ ਵਾਂਗ ਮਜ਼ਬੂਤ ਹੋ ਜਾਵੇਗਾ।

## ਗ੍ਰੀਨ ਵੋਟਾਂ ਘਟਣ ਕਾਰਨ ਅਨੇਮੀ ਪਾਲ ਹਾਰੀ



ਟੋਰਾਂਟੋ, 20 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਸੈਂਟਰ ਹਲਕੇ ਨੂੰ ਜਿੱਤਣ ਦੀ ਦੂਜੀ ਕੋਸ਼ਿਸ਼ ਵਿੱਚ ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਜਿੱਤ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕੀ।

ਇਸ ਹਲਕੇ ਤੋਂ ਲਿਬਰਲ ਉਮੀਦਵਾਰ ਮਾਰਸੀ ਲੈਨ ਨੂੰ ਜਿੱਤ ਹਾਸਲ ਹੋਈ ਹੈ। ਖਬਰ ਲਿਖੇ ਜਾਣ ਤੱਕ ਪਾਲ ਚੌਥੇ ਸਥਾਨ ਉੱਤੇ ਚੱਲ ਰਹੀ ਸੀ। ਇਹ ਮੰਨਿਆ ਜਾ ਰਿਹਾ ਹੈ ਕਿ ਪਾਲ, ਜੋ ਕਿ 2020 ਵਿੱਚ ਗ੍ਰੀਨ ਆਗੂ ਚੁਣੀ ਗਈ ਤੇ ਪਿਛਲੇ ਸਾਲ ਟੋਰਾਂਟੋ ਸੈਂਟਰ ਦੀਆਂ ਹੋਈਆਂ ਜ਼ਿਮਨੀ ਚੋਣਾਂ ਵਿੱਚ ਦੂਜੇ ਸਥਾਨ ਉੱਤੇ ਰਹੀ, ਨੂੰ ਪਾਰਟੀ ਵਿੱਚ ਪੈਦਾ ਹੋਏ ਵੱਖਰੇਵੇਂ ਕਾਰਨ ਵੀ ਹਾਰ ਦਾ ਸਾਹਮਣਾ ਕਰਨਾ ਪਿਆ।

CANADA RANKED #1 COUNTRY IN THE WORLD FOR QUALITY OF LIFE
Celebrating 16 Years
Time to invite your family !!
YES! Immigration
Locations
Woodbridge
Mississauga
Scarborough
Contact Us for Immigration help -
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
2700 Northpark Drive
Unit #19, Brampton
Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration / Real Estate
Family Law / Business Closing
Corporate / Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਚਰਨਜੀਤ ਸਿੰਘ ਚੰਨੀ ਨੇ ਪਹਿਲੇ ਦਲਿਤ ਮੁੱਖ ਮੰਤਰੀ ਵਜੋਂ ਪੰਜਾਬ ਦੀ ਕਮਾਨ ਸੰਭਾਲੀ

*** ਸੁਖਜਿੰਦਰ ਸਿੰਘ ਰੰਧਾਵਾ ਤੇ ਸੋਨੀ ਡਿਪਟੀ ਮੁੱਖ ਮੰਤਰੀ ਬਣੇ * ਦੋ ਅਕਤੂਬਰ ਤੋਂ ਗਰੀਬ ਪੱਖੀ ਪਹਿਲ ਕਦਮੀਆਂ ਸ਼ੁਰੂ ਕਰਨ ਦਾ ਐਲਾਨ**

ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਰਾਜ ਸਰਕਾਰ ਦੀ ਕਮਾਨ ਸੰਭਾਲ ਲਈ ਹੈ। ਅੱਜ ਸਵੇਰੇ ਰਾਜ ਭਵਨ ਵਿੱਚ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ। ਉਨ੍ਹਾਂ ਦੇ ਨਾਲ ਦੋ ਡਿਪਟੀ ਮੁੱਖ ਮੰਤਰੀਆਂ ਸੁਖਜਿੰਦਰ ਸਿੰਘ ਰੰਧਾਵਾ ਅਤੇ ਓਮ ਪ੍ਰਕਾਸ਼ ਸੋਨੀ ਨੇ ਵੀ ਸਹੁੰ ਚੁੱਕੀ। ਇਸ ਸਮਾਗਮ ਵਿੱਚ ਪੰਜਾਬ ਕਾਂਗਰਸ ਦੇ ਵੱਡੇ ਲੀਡਰਾਂ ਦੇ ਇਲਾਵਾ ਸੀਨੀਅਰ ਆਗੂ ਰਾਹੁਲ ਗਾਂਧੀ ਅਤੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਵੀ ਆਏ ਹੋਏ ਸਨ, ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਇਸ ਸਮਾਗਮ ਤੋਂ ਲਾਂਭੇ ਰਹੇ। ਇਸ ਦੇ ਬਾਅਦ ਬਹੁਤ ਸਾਰੇ ਹੋਰ ਲੋਕਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਨਵੇਂ ਮੁੱਖ ਮੰਤਰੀ ਨੂੰ ਵਧਾਈ ਸੰਦੇਸ਼ ਭੇਜਿਆ ਹੈ।

ਸਹੁੰ ਚੁੱਕ ਸਮਾਗਮ ਦੇ ਜਲਦੀ ਬਾਅਦ ਧਰਮ ਅਸਥਾਨਾਂ ਵਿਖੇ ਹਾਜ਼ਰੀ ਭਰਨ ਪਿੱਛੋਂ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਪਹਿਲੀ ਮੀਟਿੰਗ ਕੀਤੀ ਤੇ2 ਅਕਤਬਰਨੂੰ ਮਹਾਤਮਾ ਗਾਂਧੀ ਦੇ ਜਨਮ ਦਿਨ ਤੋਂ ਗਰੀਬ ਪੱਖੀ ਪਹਿਲਕਦਮੀਆਂ ਨੂੰ ਸਮਾਂਬੱਧ ਢੰਗ ਨਾਲ ਲਾਗੂ ਕਰਨ ਦਾਫੈਸਲਾ ਕੀਤਾ।ਮੰਤਰੀ ਮੰਡਲ ਨੇ



ਸਸਤੀਆਂ ਅਤੇ ਚੰਗੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਦੇਣ ਲਈ ਇਨ੍ਹਾਂ ਦੋ ਖੇਤਰਾਂਮੁੱਖ ਖੇਤਰਾਂ ਉੱਤੇ ਵਿਸ਼ੇਸ਼ ਧਿਆਨ ਦੇਣਉੱਤੇ ਜ਼ੋਰ ਦਿੱਤਾ ਹੈ। ਇਸ ਮੌਕੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਲਈ 32000 ਘਰਾਂ ਦੀ ਉਸਾਰੀ ਦਾ ਕੰਮ ਪਹਿਲ ਦੇ ਅਧਾਰ ਉੱਤੇ ਸ਼ੁਰੂ ਕਰਨ ਨੂੰ ਕਿਹਾ ਹੈ।ਇਹ ਘਰ ਆਰਥਿਕ ਪੱਖੋਂ ਗਰੀਬ ਵਰਗ ਦੇ ਲੋਕਾਂ ਨੂੰ ਸਸਤੀਆਂ ਕਿਸ਼ਤਾਂ ਉੱਤੇ ਦਿੱਤੇ ਜਾਣਗੇ।

ਨਵੇਂ ਮੰਤਰੀ ਮੰਡਲ ਨੇ ਜ਼ਮੀਨ ਮਾਲਕਾਂ ਵੱਲੋਂ ਰੇਤ ਦੀ ਮੁਫਤ ਖੁਦਾਈ ਵਾਲੀ ਨੀਤੀ ਬਦਲਣ ਦਾ ਫੈਸਲਾ ਕੀਤਾ ਹੈਤੇ ਨਵੀਂ ਪ੍ਰਣਾਲੀ ਅਧੀਨ ਕੋਈ ਵੀ ਜ਼ਮੀਨ ਮਾਲਕ ਆਪਣੀ ਜ਼ਮੀਨ ਤੋਂ ਰੇਤ ਦੀ ਖੁਦਾਈ ਕਰ ਸਕਦਾ ਹੈ, ਤਾਂ ਜੋ ਲੋਕਾਂ ਨੂੰ ਇਹ ਸਸਤੀਆਂ ਦਰਾਂ ਉੱਤੇ ਮਿਲ ਸਕੇ।ਸਰਕਾਰ ਨੇ ਐਸਸੀ/ਬੀਸੀ/ਬੀਪੀਐਲ ਘਰੇਲੂ ਖਪਤਕਾਰਾਂ ਦੇਲਈ ਮੁਫਤ ਬਿਜਲੀਮੌਜੂਦਾ 200 ਯੂਨਿਟਾਂ ਤੋਂ ਵਧਾ ਕੇ 300 ਯੂਨਿਟ ਕਰਨ ਦੀਵਿਚਾਰ ਕੀਤੀ ਤੇ ਬਿਜਲੀ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਨੂੰ ਕਿਹਾ ਕਿ ਉਹ ਗਰੀਬਾਂ ਅਤੇ ਲੋੜਵੰਦਾਂ ਨੂੰ ਰਾਹਤ ਦੀ ਇਸ ਸਕੀਮ ਬਾਰੇ ਅਗਲੀ ਕੈਬਨਿਟ ਮੀਟਿੰਗ ਵਿੱਚਤਜਵੀਜ਼ ਲਿਆਉਣ। ਇਸ ਮੌਕੇ ਪੇਂਡੂ ਜਲ ਸਪਲਾਈ ਸਕੀਮਾਂ ਵਾਲੇ ਟਿਊਬਵੈੱਲਾਂ ਦੇ ਬਿਜਲੀ ਬਿੱਲ ਬਕਾਏ ਮਾਫ ਕਰਨ ਅਤੇ ਪੇਂਡੂ ਖੇਤਰਾਂ ਵਿੱਚ ਪਾਣੀ ਦੀ ਮੁਫਤ ਸਪਲਾਈ ਬਾਰੇ ਲੋਕਲ ਬਾਡੀਜ਼ ਵਿਭਾਗ ਨੂੰ ਅਗਲੀ ਕੈਬਨਿਟ ਮੀਟਿੰਗ ਵਿੱਚਤਜਵੀਜ਼ ਲਿਆਉਣ ਨੂੰ ਕਿਹਾ ਹੈ। ਅੱਜ ਦੀ ਮੀਟਿੰਗ ਨੇ ਹੁਸ਼ਿਆਰਪੁਰ ਜ਼ਿਲੇਵਿਚਲੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਯਾਦਗਾਰ ਦੀ ਪ੍ਰਬੰਧਕ ਕਮੇਟੀ ਦੀ ਮੰਗ ਉੱਤੇ ਇਸ ਕੰਪਲੈਕਸ ਵਿੱਚ ਨਵੇਂ ਟਿਊਬਵੈੱਲ ਲਾਉਣ ਦੀ ਪ੍ਰਵਾਨਗੀ ਵੀ ਦਿੱਤੀਗਈ ਹੈ।ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਹੁਦਾ ਸਾਂਭਦੇ ਸਾਰਰਾਜ ਦੇ ਸਰਕਾਰੀ ਮੁਲਾਜ਼ਮਾਂ ਦੀ ਤਨਖਾਹ ਵਿਚ 15 ਫੀਸਦੀ ਵਾਧੇ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ, ਜਿਸਅਨੁਸਾਰ ਇਹ ਵਾਧਾ ਬੇਸਿਕ ਪੇਅ + 113 ਫੀਸਦੀ ਡੀਏ ਦੇ ਅਧਾਰ ਉੱਤੇ 31 ਦਸੰਬਰ 2015 ਤੋਂ ਲਾਗੂ ਕੀਤਾ ਜਾਣਾ ਹੈ।


REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED


25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ । ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864



Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor

For More Details Call: 416-970-5005/647-242-8667

Jas Toor
Sales Repersentative
Sutton Group-Realty Experts
Brokerage*
Jagdish Grewal
Sales Repersentative
President Realty Inc.
Brokerage*


## ਅੱਜ ਨਾਮਾ

ਹੋ ਗਈ ਭਾਵੇਂ ਤਬਦੀਲੀ ਪੰਜਾਬ ਅੰਦਰ,
ਮੱਠਾ ਪਿਆ ਨਹੀਂ ਅੰਦਰ ਦਾ ਸੇਕ ਬੇਲੀ।
ਤਾਅਨੇ ਮਾਰਨ ਜਾਂ ਸੁਣਨ ਦੀ ਖੇਡ ਉਹੀ,
ਧੜਿਆਂ-ਧਿਰਾਂ ਦੀ ਓਹੀ ਆ ਟੇਕ ਬੇਲੀ।
ਹਰ ਕੋਈ ਏਕੇ ਦੀ ਬਾਤ ਵੀ ਕਹੀ ਜਾਵੇ,
ਕਰਦਾ ਥਾਲੀ ਦੇ ਵਿੱਚ ਪਿਆ ਛੇਕ ਬੇਲੀ।
ਹਰ ਕੋਈ ਦੂਜੇ ਨੂੰ ਕਹੀ ਬਦਨੀਤ ਜਾਂਦਾ,
ਅੰਦਰੋਂ ਨੀਤ ਦਾ ਕੋਈ ਨਹੀਂ ਨੇਕ ਬੇਲੀ।
ਰੱਖਣੀ ਲੋਕਾਂ ਤੋਂ ਆਸ ਤਾਂ ਬਹੁਤ ਵੱਡੀ,
ਟੱਬਰ ਪਾਟਿਆ ਹੁੰਦਾ ਨਹੀਂ ਜੋੜ ਬੇਲੀ।
ਇਹ ਹੀ ਹਾਲ ਜਦ ਰਹੂ ਤਾਂ ਚੋਣ ਮੌਕੇ,
ਜਾਣਾ ਲੋਕਾਂ ਵੀ ਸਾਥ ਫਿਰ ਛੋੜ ਬੇਲੀ।

**ਤੀਸ ਮਾਰ ਖਾਂ**

# ਰਾਸ਼ਟਰੀ ਮਹਿਲਾ ਕਮਿਸ਼ਨ ਨੇ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਵਿਰੁੱਧ 'ਮੀ ਟੂ' ਦਾ ਮੁੱਦਾ ਚੁੱਕਿਆ

### * ਸੋਨੀਆ ਗਾਂਧੀ ਨੂੰ ਮੁੱਖ ਮੰਤਰੀ ਅਹੁਦੇ ਤੋਂ ਚੰਨੀ ਨੂੰ ਹਟਾਉਣ ਦੀ ਅਪੀਲ * ਬਹੁਜਨ ਸਮਾਜ ਪਾਰਟੀ ਨੇ ਵੀ ਇਹੋ ਮੁੱਦਾ ਚੁੱਕ ਲਿਆ

ਨਵੀਂ ਦਿੱਲੀ, 20 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਅਹੁਦਾ ਸਾਂਭਦੇ ਸਾਰ ਹੀ ਉਨ੍ਹਾਂ ਵਿਰੁੱਧ ਇੱਕ ਮਹਿਲਾ ਅਫਸਰ ਨਾਲ ਦੁਰ-ਵਿਹਾਰ ਦਾ ਪੁਰਾਣਾ ਮੁੱਦਾ ਵੀ ਭਖ ਪਿਆ ਹੈ।

ਅੱਜ ਸੋਮਵਾਰ ਨੂੰ ਭਾਰਤ ਦੇ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਰੇਖਾ ਸ਼ਰਮਾ ਨੇ ਦੱਸਿਆ ਕਿ 2018 ਵਿਚ 'ਮੀ ਟੂ' ਮੂਵਮੈਂਟ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖਿਲਾਫ਼ ਦੋਸ਼ ਲੱਗੇ ਤਾਂਪੰਜਾਬ ਰਾਜਮਹਿਲਾ ਕਮਿਸ਼ਨ ਨੇ ਇਸ ਦਾ ਨੋਟਿਸ ਲੈ ਕੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਕੀਤੀ ਸੀ, ਪਰ ਕੁਝ ਨਹੀਂ ਸੀ ਹੋਇਆ। ਉਨ੍ਹਾਂ ਕਿਹਾ ਕਿ ਅੱਜ ਇਕ ਔਰਤ ਦੀ ਅਗਵਾਈ ਵਾਲੀ ਪਾਰਟੀ ਨੇ ਓਸੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਹੈ ਤਾਂ ਇਹ ਵਿਸ਼ਵਾਸਘਾਤ ਹੈ ਅਤੇ ਉਹ ਮਹਿਲਾ ਸੁਰੱਖਿਆ ਲਈ ਖਤਰਾ ਹੈ, ਉਸ ਦੇ ਖਿਲਾਫ਼ ਜਾਂਚ ਹੋਣੀ ਚਾਹੀਦੀ ਹੈ।ਰੇਖਾ ਸ਼ਰਮਾ ਨੇ ਕਿਹਾ ਕਿ ਮੈਂ ਸੋਨੀਆ ਗਾਂਧੀ ਨੂੰ ਚੰਨੀ ਨੂੰਇਸ ਅਹੁਦੇ




ਤੋਂ ਹਟਾਉਣ ਦੀ ਅਪੀਲ ਕਰਦੀ ਹਾਂ।

ਏਧਰ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਕਾਂਗਰਸ ਦਾ ਇੱਕ ਸਿਆਸੀ ਸਟੰਟ ਹੈ।ਉਨ੍ਹਾ ਕਿਹਾ ਕਿ ਦਲਿਤ ਵੋਟਾਂ ਦੀ ਝਾਕ ਰੱਖ ਕੇਕਾਂਗਰਸ ਨੇ ਵੱਡੀ ਭੁੱਲ ਕੀਤੀ ਹੈ, ਜੇ ਕਾਂਗਰਸ ਦਲਿਤਾਂ ਦੀ ਆਵਾਜ਼ ਸਚਮੁੱਚ ਉਠਾਉਣਾ ਚਾਹੁੰਦੀ ਤਾਂ ਮੁੱਖ ਮੰਤਰੀ ਪੰਜ ਸਾਲ ਲਈ ਲਾਉਣਾ ਸੀ, ਵਿਧਾਨ ਸਭਾ ਚੋਣਾਂ ਵਿੱਚ ਚਾਰ ਮਹੀਨੇ ਬਾਕੀ ਰਹਿੰਦਿਆਂ ਤੋਂ ਦਲਿਤ ਨੂੰ ਅੱਗੇ ਲਾਉਣ ਦਾ ਕੋਈ ਲਾਭ ਨਹੀਂ।ਉਨ੍ਹਾ ਇਹ ਵੀ ਕਿਹਾ ਕਿ ਪੰਜਾਬ ਮਾੜੇ ਦਿੰਨਾਂਤੋਂ ਗੁਜ਼ਰ ਰਿਹਾ ਹੈ ਅਤੇ ਜਿਸ ਆਗੂ ਉੱਤੇ ਕੈਬਿਨੇਟ ਮੰਤਰੀ ਹੁੰਦਿਆਂ ਮਹਿਲਾ ਅਫ਼ਸਰ ਨੂੰ ਅਸ਼ਲੀਲ ਮੈਸਜ ਭੇਜਣ ਦੇ ਦੋਸ਼ ਲੱਗੇ ਹੋਣ, ਉਸ ਨੂੰ ਮੁੱਖ ਮੰਤਰੀ ਬਣਾ ਦੇਣਾ ਬਹੁਤ ਮੰਦ-ਭਾਗਾ ਹੈ। ਜਸਵੀਰ ਸਿੰਘ ਗੜ੍ਹੀ ਨੇ ਸੋਸ਼ਲ ਮੀਡੀਆ ਉੱਤੇਵਾਇਰਲ ਹੋਈਚਰਨਜੀਤ ਸਿੰਘ ਚੰਨੀ ਦੀਫੋਟੋ ਦਾ ਹਵਾਲਾ ਦੇ ਕੇ ਕਿਹਾ ਕਿ ਕਾਂਗਰਸ ਦੇ ਗਲੇ ਵਿੱਚ ਦੋ ਫੰਦੇ ਲਟਕੇ ਹੋਏ ਹਨ। ਇੱਕ ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਦੇ ਗੱਠਜੋੜ ਅਤੇ ਦੂਸਰਾ ਕਾਂਗਰਸ ਅੰਦਰਲਾ ਕਲੇਸ਼ ਹੈ, ਜਿਸ ਕਾਰਨ ਦਲਿਤ ਮੁੱਖ ਮੰਤਰੀ ਬਣਾਇਆ ਗਿਆ ਹੈ।

# ਸੜਕਾਂ ਖੋਲ੍ਹਣ ਲਈ ਪ੍ਰਸ਼ਾਸਨ ਦੀ ਮੀਟਿੰਗ ਵਿੱਚ ਕਿਸਾਨ ਆਗੂ ਜਾਣ ਤੋਂ ਇਨਕਾਰੀ

### * ਕਿਸਾਨਾਂ ਨੇ ਕਿਹਾ: ਸੜਕਾਂ ਅਸੀਂ ਨਹੀਂ, ਦਿੱਲੀ ਪੁਲਸ ਨੇ ਰੋਕੀਆਂ

ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਕਿਸਾਨ ਮੋਰਚਿਆਂ ਕਰ ਕੇ ਬੰਦ ਪਈਆਂ ਸੜਕਾਂ ਨੂੰ ਖੋਲ੍ਹਣ ਲਈ ਸੋਨੀਪਤ ਪ੍ਰਸ਼ਾਸਨ ਵੱਲੋਂ ਮੁਰਥਲ ਵਿਚ ਰੱਖੀ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਹੀਂ ਗਏ।

ਕਿਸਾਨ ਆਗੂਆਂ ਨੇ ਆਖਿਆ ਕਿ ਸੜਕਾਂ ਕਿਸਾਨਾਂ ਨੇ ਨਹੀਂ, ਦਿੱਲੀ ਪੁਲਸ ਨੇ ਆਵਾਜਾਈ ਲਈ ਰੋਕੀਆਂ ਸਨ। ਕਿਸਾਨ ਆਗੂ ਡਾਕਟਰ ਦਰਸ਼ਨ ਪਾਲ ਨੇ ਤਰਕ ਦਿੱਤਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਗਲਤ ਅਰਥਾਂ ਵਿੱਚ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨ ਅੰਦੋਲਨ ਨੂੰ ਇਸ ਮੀਟਿੰਗ ਵਿਚ ਖਿੱਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 23 ਅਗਸਤ ਦੇ ਆਪਣੇ ਹੁਕਮਾਂ ਵਿੱਚ ਭਾਰਤ ਦੇ ਸਾਲਿਸਟਰ ਜਨਰਲ ਨੂੰ ਕਿਹਾ ਹੈ ਕਿ ਇਸ ਸਮੱਸਿਆ ਦਾ ਹੱਲ ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਦੇ ਹੱਥ ਵਿੱਚ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨਣ ਉੱਤੇ ਅੜੀ ਹੋਈ ਹੈ ਤੇ ਇਸ ਸਾਲ 22 ਜਨਵਰੀ ਮਗਰੋਂ ਕਿਸਾਨਾਂ ਦੇ ਪ੍ਰਤੀਨਿਧਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ।ਬੀ ਕੇ ਯੂ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਜਾਣਦੀ ਹੈ ਕਿ ਮਸਲੇ ਦਾ ਹੱਲ ਕਿੱਥੇ ਹੈ, ਪਰ ਉਹ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਅੜੀਅਲ ਰਵੱਈਆ ਛੱਡਣ ਨੂੰ ਤਿਆਰ ਨਹੀਂ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨ ਦਿੱਲੀ ਦੀਆਂ ਬਰੂਹਾਂ ਉੱਤੇ ਮੋਰਚੇ ਲਾ ਕੇ ਆਪ ਨਹੀਂ ਸਨ ਡਟੇ, ਹਰਿਆਣਾ ਅਤੇ ਦਿੱਲੀ ਪੁਲਸ ਨੇ ਖੁਦ ਬੈਰੀਕੇਡਿੰਗ ਕਰ ਕੇ ਸੜਕਾਂ ਨੂੰ ਰੋਕਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਆਵਾਜਾਈ ਲੰਘਾਉਣ ਲਈ ਸਿੰਘੂ ਬਾਰਡਰ ਦੇ ਨਾਲ-ਨਾਲ ਟਿਕਰੀ ਬਾਰਡਰ ਉਤੇ ਸੜਕ ਦੇ ਦੋਵੇਂ ਪਾਸੇ ਸਾਫ ਲਾਂਘੇ ਬਣਾਏ ਹਨ ਅਤੇ ਕਿਸਾਨ ਗਾਜ਼ੀਪੁਰ ਬਾਰਡਰ ਉੱਤੇ ਸੜਕ ਦੇ ਸਿਰਫ ਇੱਕ ਪਾਸੇ ਬੈਠੇ ਹਨ। ਇਹੀ ਹਾਲਤ ਸ਼ਾਹਜਹਾਂਪੁਰ ਬਾਰਡਰ ਉੱਤੇ ਹੋਰ ਮੋਰਚਿਆਂ ਦੀ ਹੈ।ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਯਾਦ ਦਿਵਾਇਆ ਕਿ ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿਚ ਉਨ੍ਹਾਂ ਨੂੰ ਤਾਲਮੇਲ ਲਈ ਜ਼ਿੰਮੇਵਾਰ ਠਹਿਰਾਇਆ ਹੈ, ਜਦੋਂ ਕਿ ਹਰਿਆਣਾ ਸਰਕਾਰ ਵੱਲੋਂ ਕਿਸਾਨ ਯੂਨੀਅਨਾਂ ਨੂੰ ਇਸ ਵਿਚ ਬੇਵਜ੍ਹਾ ਘਸੀਟਿਆ ਜਾ ਰਿਹਾ ਹੈ।

# ਵਿਰੋਧੀ ਧਿਰਾਂ ਵੱਲੋਂ ਚੰਨੀ ਨੂੰ ਚੋਣ ਮੈਨੀਫੈਸਟੋ ਦੇ ਵਾਅਦੇ ਪੂਰੇ ਕਰਨ ਦੀ ਚੁਣੌਤੀ

### * ਆਮ ਆਦਮੀ ਪਾਰਟੀ ਨੇ ਵਾਅਦੇ ਗਿਣਾ ਕੇ ਸਵਾਲ ਕੀਤੇ * ਅਕਾਲੀ ਦਲ ਨੇ ਕਰੋੜਾਂ ਰੁਪਏ ਦੇ ਵਜ਼ੀਫੇ ਦਾ ਮੁੱਦਾ ਚੁੱਕਿਆ

ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਚਰਨਜੀਤ ਸਿੰਘ ਚੰਨੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਰਾਜ ਦੀ ਕਮਾਨ ਸੰਭਾਲਦੇ ਸਾਰ ਵਿਰੋਧੀ ਧਿਰ ਦੀਆਂ ਦੋਵਾਂ ਵੱਡੀਆਂ ਪਾਰਟੀਆਂ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੇ ਬਹੁਤ ਸਾਰੇ ਮੁੱਦੇ ਗਿਣਾ ਕੇ ਇਨ੍ਹਾਂ ਉੱਤੇ ਅਮਲ ਕਰ ਕੇ ਲੋਕਾਂ ਵਿੱਚ ਆਉਣ ਦੀ ਚੁਣੌਤੀ ਪੇਸ਼ ਕਰ ਦਿੱਤੀ ਹੈ।

ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਧਾਈਆਂ ਦਿੰਦਿਆਂ ਆਸਕੀਤੀ ਹੈ ਕਿ ਉਹ ਸਾਲ 2017 ਦੇ ਚੋਣ ਵਾਅਦੇ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਘੁਟਾਲਾ ਕਰਕੇ ਲੱਖਾਂ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰਨ ਦੇ ਦੋਸ਼ੀ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਜੇਲ੍ਹ



ਭੇਜਣਗੇ, ਜਿਸ ਨੂੰ ਪਿਛਲੀਕਾਂਗਰਸ ਸਰਕਾਰ ਬਚਾਉਂਦੀ ਰਹੀ ਹੈ। ਆਮ ਆਦਮੀ ਪਾਰਟੀਦੇ ਮੁੱਖ ਦਫ਼ਤਰ ਵਿੱਚ ਹਰਪਾਲ ਸਿੰਘ ਚੀਮਾ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਸਾਨੀ ਸੰਘਰਸ਼ ਦਾ ਜ਼ਿਕਰ ਕਰਦਿਆਂ ਬਾਦਲ ਪਰਿਵਾਰ ਤੇ ਅਕਾਲੀ ਦਲ ਬਾਦਲ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਕਾਂਗਰਸ ਨੇ ਸਾਲ 2017 ਵਿੱਚ 129 ਸਫਿਆਂ ਦਾ ਚੋਣ ਮੈਨੀਫੈਸਟੋਪੇਸ਼ ਕਰਕੇ ਘਰ-ਘਰ ਰੁਜ਼ਗਾਰ ਦੇਣ, ਕਿਸਾਨੀ ਕਰਜ਼ਾ ਮਾਫ਼ ਕਰਨ, ਦਲਿਤਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਣ, ਮੁਫ਼ਤ ਘਰ ਦੇਣ ਅਤੇ ਮਾਫ਼ੀਆ ਰਾਜ ਖ਼ਤਮ ਕਰਨ ਵਰਗੇ ਵਾਅਦੇ ਕੀਤੇ ਸਨ, ਪਰ ਸਾਢੇ ਚਾਰ ਸਾਲਾਂ ਵਿੱਚਕੋਈ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਉਮੀਦ ਕੀਤੀ ਕਿ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਹ ਸਾਰੇ ਵਾਅਦੇ ਪੂਰੇ ਕਰਨਗੇ।

ਦੂਸਰੇ ਪਾਸੇ ਅਕਾਲੀ ਆਗੂ ਤੇ ਸਾਬਕਾ ਮੰਤਰੀ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਕਾਂਗਰਸਨੇ ਦਲਿਤ ਨੂੰ ਮੁੱਖ ਮੰਤਰੀ ਕੇਵਲ ਐਲਾਨ ਕਰਨ ਲਈ ਬਣਾਇਆ ਹੈ, ਕਿਉਂਕਿ ਕੰਮ ਲਈ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਦਲਿਤ ਹੋਣ ਕਾਰਨਚਰਨਜੀਤ ਚੰਨੀ ਦਾ ਫ਼ਰਜ਼ ਹੈ ਕਿ ਸਰਕਾਰ ਤੋਂ ਸਕਾਲਰਸ਼ਿਪ ਵਾਲੇਕਰੋੜਾਂ ਰੁਪਏ ਰਿਲੀਜ਼ ਕਰਵਾਉਣ। ਪ੍ਰੋ. ਚੰਦੂਮਾਜਰਾ ਨੇ ਨਵੇਂ ਮੁੱਖ ਮੰਤਰੀ ਚਰਨਜੀਤ ਚੰਨੀ ਤੋਂ ਮੰਗ ਕੀਤੀ ਕਿ ਦਲਿਤ ਵਿਦਿਆਰਥੀਆਂ ਦੀ ਸਕਾਲਰਸ਼ਿਪ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਕਰੋੜਾਂ ਦੇ ਸਕੈਂਡਲ ਦੀ ਰਿਕਵਰੀ ਤਾਂ ਵੀ ਜ਼ਰੂਰ ਕਰਵਾਉਣ।

# ਪਾਕਿ ਮਦਰੱਸੇ ਵਿੱਚ ਲੱਗਾ ਤਾਲਿਬਾਨੀ ਝੰਡਾ ਲਾਹੁਣ ਪੁੱਜੀ ਪੁਲਸ ਨਾਲ ਮੌਲਾਨਾ ਦੀ ਝੜਪ

ਲਾਹੌਰ, 20 ਸਤੰਬਰ (ਪੋਸਟ ਬਿਊਰੋ)- ਇੱਕ ਮੀਡੀਆ ਰਿਪੋਰਟ ਅਨੁਸਾਰ ਇੱਕ ਪ੍ਰਮੁੱਖ ਕੱਟੜਪੰਥੀ ਮੌਲਾਨਾ ਅਤੇ ਕਈ ਹੋਰਾਂ ਦੇ ਖ਼ਿਲਾਫ਼ਪਾਕਿਸਤਾਨੀ ਪੁਲਸ ਨੇ ਉਨ੍ਹਾਂ ਵੱਲੋਂ ਚਲਾਏ ਜਾਂਦੇ ਮਹਿਲਾ ਮਦਰੱਸੇ ਉੱਤੇ ਤਾਲਿਬਾਨੀ ਝੰਡਾ ਲਹਿਰਾਉਣ ਦੇ ਦੋਸ਼ ਵਿੱਚ ਇੱਕ ਕੇਸ ਦਰਜ ਕੀਤਾ ਅਤੇ ਅਗਲੀ ਕਾਰਵਾਈ ਕਰ ਰਹੀ ਹੈ।

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਸਭ ਤੋਂ ਮਸ਼ਹੂਰ ਮਦਰੱਸੇ ਜਾਮੀਆ ਹਫ਼ਸਾ ਵਿੱਚ ਤਾਲਿਬਾਨੀ ਝੰਡੇ ਨੂੰ ਉਤਾਰਨ ਪਹੁੰਚੀ ਪੁਲਸ ਨੂੰ ਉਥੇ ਭਾਰੀ ਵਿਰੋਧ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੌਰਾਨ ਮਦਰੱਸੇ ਦੇ ਮੌਲਾਨਾ ਅਬਦੁਲ ਅਜ਼ੀਜ਼ ਤੇ ਵਿਦਿਆਰਥੀਆਂ ਦੀ ਪੁਲਸ ਨਾਲ ਝੜਪ ਵੀ ਹੋਈ ਸੀ। ਪਤਾ ਲੱਗਾ ਹੈ ਕਿ ਜਾਮੀਆ ਹਫ਼ਸਾ ਵਿੱਚ ਲੱਗੇ ਤਾਲਿਬਾਨੀ ਝੰਡੇ ਨੂੰ ਪੁਲਸ ਲਾਹੁਣ ਤੋਂ ਨਾਕਾਮ ਰਹੀ ਅਤੇ ਪੁਲਸ ਟੀਮ ਨੂੰ ਉਥੋਂ ਬੇਰੰਗ ਪਰਤਣਾ ਪਿਆ। ਇਸ ਬਾਰੇ ਪੁਲਸ ਵੱਲੋਂ ਜਾਰੀ ਕੀਤੀ ਵੀਡੀਓ ਵਿੱਚ ਅਬਦੁਲ ਅਜ਼ੀਜ਼ ਪੁਲਸ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਹੈ। ਇਹੀ ਨਹੀਂ ਉਹ ਦਾਅਵਾ ਕਰਦਾ ਹੈ ਕਿ ਪਾਕਿ ਵਿੱਚ ਸ਼ਰੀਆ ਕਾਨੂੰਨ ਲਾਗੂ ਕਰਨ ਦੀ ਉਨ੍ਹਾਂ ਦੀ ਮੰਗ ਨੂੰ ਇਮਰਾਨ ਖ਼ਾਨ ਦੀ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ। ਦੱਸਿਆ ਜਾਂਦਾ ਹੈ ਕਿ ਪੁਲਸ ਨੂੰ ਰੋਕਣ ਲਈ ਮਦਰੱਸੇ ਵਿੱਚ ਬੁਰਕਾ ਪਹਿਨੀ ਵਿਦਿਆਰਥਣਾਂ ਵੱਡੀ ਗਿਣਤੀ ਵਿੱਚ ਛੱਤ ਉੱਤੇ ਮੌਜੂਦ ਸਨ। ਉਥੇ ਮੌਜੂਦ ਕੁਝ ਲੋਕਾਂ ਨੇ ਹੱਥ ਵਿੱਚ ਏ ਕੇ-47 ਅਤੇ ਹੋਰ ਹਥਿਆਰ ਵੀ ਫੜੇ ਹੋਏ ਸਨ। ਬਾਅਦ ਵਿੱਚ ਇਸਲਾਮਾਬਾਦ ਦੇ ਡਿਪਟੀ ਕਮਿਸ਼ਨਰ ਨੇ ਟਵਿੱਟਰ ਉੱਤੇ ਲਿਖਿਆ ਹੈ ਕਿ ਇਲਾਕਾ ਸਾਫ਼ ਕਰ ਦਿੱਤਾ ਗਿਆ, ਝੰਡੇ ਉਤਾਰੇ ਗਏ ਅਤੇ ਮਾਮਲਾ ਦਰਜ ਕੀਤਾ ਗਿਆ ਹੈ।






# ਅਦਾਲਤ ਦੇ ਫੈਸਲੇ ਤੋਂ ਪਹਿਲਾਂ 70 ਸਾਲਾ ਜੋੜੇ ਦਾ ਰਾਜ਼ੀਨਾਵਾਂ

ਅਹਿਮਦਾਬਾਦ, 20 ਸਤੰਬਰ (ਪੋਸਟ ਬਿਊਰੋ)- ਗੁਜਰਾਤ ਹਾਈ ਕੋਰਟ ਨੇ 23 ਸਾਲ ਤੋਂ ਇੱਕੋ ਛੱਤ ਹੇਠਾਂ ਵੱਖ-ਵੱਖ ਰਹਿ ਰਹੇ ਜੋੜੇ ਨੂੰ ਇੱਕ ਕਰਨ ਲਈ ਉਨ੍ਹਾਂ ਦੇ ਪੁੱਤਰਾਂ ਦੀ ਕੋਸ਼ਿਸ਼ ਦੀ ਸ਼ਲਾਘਾ ਕੀਤੀ ਹੈ।

ਅਦਾਲਤ ਨੇ ਕਿਹਾ ਕਿ ਅਜਿਹੇ ਕਿੱਸੇ ਹੁੰਦੇ ਹਨ ਤਾਂ ਸਾਨੂੰ ਵੀ ਖੁਸ਼ੀ ਹੁੰਦੀ ਹੈ। ਜਸਟਿਸ ਜੇ ਬੀ ਪਾਰਡੀਵਾਲਾ ਅਤੇ ਜਸਟਿਸ ਵੈਭਵੀ ਨਾਨਾਵਤੀ ਦੀ ਬੈਂਚ ਨੇ ਡਾਕਟਰ ਅਤੇ ਚਾਰਟਰਡ ਅਕਾਊਂਟੈਂਟ ਪੁੱਤਰਾਂ ਦੀ ਪਹਿਲ ਦੀ ਪ੍ਰਸ਼ੰਸਾ ਕੀਤੀ ਤੇ ਨਾਲ ਹੀ 73 ਸਾਲਾ ਪਤੀ ਅਤੇ ਉਸ ਦੀ 71 ਸਾਲਾ ਪਤਨੀ ਨੂੰ ਹੁਕਮ ਦਿੱਤਾ ਕਿ ਉਹ ਦੋਵੇਂ ਇੱਕ-ਦੂਸਰੇ ਖਿਲਾਫ ਕੀਤੀ ਗਈ ਸ਼ਿਕਾਇਤ ਵਾਪਸ ਲੈਣ ਬਾਰੇਐਫੀਡੇਵਿਟ ਪੇਸ਼ ਕਰ ਦੇਣ।

ਹਾਈ ਕੋਰਟ ਪੁੱਜੇਇਸ ਕੇਸ ਵਿੱਚ ਜੋੜੇ ਨੇ ਕਿਹਾ, ਉਹ ਦੋਵੇਂ ਇੱਕੋ ਘਰ ਵਿੱਚ ਸਾਲਾਂ ਤੋਂ ਵੱਖ-ਵੱਖ ਰਹਿੰਦੇ ਹਨ, ਪਰਦੋਵਾਂ ਵਿੱਚ ਕੋਈ ਸੰਬੰਧ ਨਹੀਂ ਹੈ। ਦੋ ਪੁੱਤਰ ਹਨ, ਜੋ ਪੜ੍ਹਾਈ ਦੇ ਬਾਅਦ ਡਾਕਟਰ ਅਤੇ ਸੀ ਏ ਬਣ ਗਏ ਹਨ। ਬੇਟੇ ਚਾਹੁੰਦੇ ਹਨ ਕਿ ਅਸੀਂ ਮਤਭੇਦ ਭੁਲਾ ਕੇ ਫਿਰ ਇਕੱਠੇ ਜੀਵਨ ਸ਼ੁਰੂ ਕਰੀਏ, ਮਿਲਜੁਲ ਕੇ ਰਹੀਏ। ਜਸਟਿਸ ਪਾਰਡੀਵਾਲਾ ਨੇ ਕਿਹਾ, ਅਜਿਹੇ ਕਿੱਸੇ ਸੁਣ ਕੇ ਸਾਨੂੰ ਵੀ ਖੁਸ਼ੀ ਮਿਲਦੀ ਹੈ। ਇਹ ਪਤੀ ਪਤਨੀ ਦੋਵੇਂ ਇੱਕੋ ਬੰਗਲੇ ਵਿੱਚ 23 ਸਾਲ ਤੋਂ ਰਹਿੰਦੇ ਹਨ। ਜੋੜੇ ਦੇ ਪੁੱਤਰ ਡਾਕਟਰ ਅਤੇ ਸੀ ਏ ਬਣ ਗਏ ਹਨ। ਹਾਈ ਕੋਰਟ ਦਾ ਫੈਸਲੇ ਆਉਣ ਤੋਂ ਪਹਿਲਾਂ ਹੀ ਦੋਵਾਂ ਪੁੱਤਰਾਂ ਨੇ ਮਾਤਾ-ਪਿਤਾ ਨੂੰ ਸਮਝਾਇਆ ਕਿ ਉਹ ਇਕੱਠੇ ਰਹਿਣ। ਇਸ ਉੱਤੇ ਦੋਵੇਂ ਮਤਭੇਦ ਭੁੱਲ ਕੇ ਜੀਵਨ ਦੁਬਾਰਾ ਇਕੱਠੇ ਸ਼ੁਰੂ ਕਰਨ ਨੂੰ ਤਿਆਰ ਹੋ ਗਏ। ਦੋਵਾਂ ਨੇ ਆਪਣੀਆਂ ਅਰਜ਼ੀਆਂ ਵਾਪਸ ਲੈ ਲਈਆਂ।













ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਲੈਂਪੋਰਟ ਸਟੇਡੀਅਮ ਦੇ ਮੁਜ਼ਾਹਰਿਆਂ ਨਾਲ ਸਬੰਧਤ ਇੱਕ ਗ੍ਰਿਫਤਾਰ

ਟੋਰਾਂਟੋ, 20 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਹੜਾ 21 ਜੁਲਾਈ ਨੂੰ ਲੈਂਪੋਰਟ ਸਟੇਡੀਅਮ ਵਿੱਚ ਹੋਏ ਮੁਜ਼ਾਹਰਿਆਂ ਦੇ ਸਬੰਧ ਵਿੱਚ ਲੋੜੀਂਦਾ ਸੀ। ਇਸ ਥਾਂ ਉੱਤੇ ਬੇਘਰੇ ਲੋਕਾਂ ਦੀ ਪੈਰਵੀ ਕਰਨ ਵਾਲਿਆਂ, ਉਨ੍ਹਾਂ ਦੇ ਸਮਰਥਕਾਂ ਦੀ ਪੁਲਿਸ ਤੇ ਸਿਟੀ ਦੇ ਸਟਾਫ ਨਾਲ ਝੜਪ ਹੋਈ ਸੀ।

ਕਈ ਗ੍ਰਿਫਤਾਰੀਆਂ ਕੀਤੇ ਜਾਣ ਤੋਂ ਬਾਅਦ ਮੁਜ਼ਾਹਰਾ 14ਵੀਂ ਡਵੀਜ਼ਨ ਦੇ ਬਾਹਰ ਕੀਤਾ ਜਾਣ ਲੱਗਿਆ ਤੇ ਉਸ ਸਮੇਂ ਪੁਲਿਸ ਨੇ ਆਖਿਆ ਸੀ ਕਿ ਸਟੇਸ਼ਨ ਦੇ ਬਾਹਰ ਗੁੱਸੇ ਵਿੱਚ ਆਏ ਲੋਕ ਆਪੇ ਤੋਂ ਬਾਹਰ ਹੋਣ ਲੱਗੇ ਸਨ। ਪੁਲਿਸ ਵੱਲੋਂ ਵੀਰਵਾਰ ਨੂੰ ਅੱਠ ਤਸਵੀਰਾਂ ਜਾਰੀ ਕੀਤੀਆਂ ਗਈਆਂ ਸਨ



ਜਿਹੜੀਆਂ ਉਨ੍ਹਾਂ ਲੋਕਾਂ ਦੀਆਂ ਸਨ ਜਿਹੜੇ ਇਸ ਮੁਜ਼ਾਹਰੇ ਦੌਰਾਨ ਖਤਰਨਾਕ ਹਥਿਆਰ ਰੱਖਣ, ਹਥਿਆਰ ਨਾਲ ਹਮਲਾ ਕਰਨ, ਹਮਲਾ ਕਰਨ ਤੇ ਅੜਿੱਕੇ ਡਾਹੁਣ ਵਰਗੇ ਮਾਮਲਿਆਂ ਲਈ ਲੋੜੀਂਦੇ ਸਨ।

ਪੁਲਿਸ ਨੇ ਆਖਿਆ ਕਿ ਇਨ੍ਹਾਂ ਅੱਠ ਵਿਅਕਤੀਆਂ ਵਿੱਚੋਂ ਇੱਕ ਦੀ ਪਛਾਣ ਕੀਤੇ ਜਾਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਆਖਿਆ ਕਿ ਇਸ ਵਿਅਕਤੀ ਨੇ ਉਸ ਸਮੇਂ ਅੜਿੱਕਾ ਡਾਹੁਣ ਤੇ ਪੁਲਿਸ ਅਧਿਕਾਰੀਆਂ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ ਜਦੋਂ ਉਹ ਕਿਸੇ ਨੂੰ ਗ੍ਰਿਫਤਾਰ ਕਰਨ ਜਾ ਰਹੇ ਸਨ। ਟੋਰਾਂਟੋ ਦੇ 29 ਸਾਲਾ ਅਲਾ ਅਲ ਸੂਫੀ ਨੂੰ ਸ਼ਨਿੱਚਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

**ਫਾਰਮ ਵਰਕਰ ਦੀ ਲੋੜ**
ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ 647-391-1000
ਬਲਵੀਰ ਸਰਪੰਚ 289-541-5384

**ਲੇਡੀਜ਼ ਵਰਕਰ ਦੀ ਲੋੜ**
ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

# ਦਰਹਾਮ ਪੁਲਿਸ ਨੇ ਬਰਾਮਦ ਕੀਤੇ 2.5 ਮਿਲੀਅਨ ਡਾਲਰ ਦੇ ਨਸ਼ੇ, 44 ਵਿਅਕਤੀਆਂ ਖਿਲਾਫ ਲਾਏ ਗਏ 295 ਚਾਰਜਿਜ਼

ਦਰਹਾਮ, 20 ਸਤੰਬਰ (ਪੋਸਟ ਬਿਊਰੋ) : ਦਰਹਾਮ ਰੀਜਨ ਦੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਵੱਲੋਂ ਏਰੀਆ ਵਿੱਚ ਫੈਂਟਾਨਿਲ ਟਰੈਫਿਕਰਜ਼ ਦੇ ਸਬੰਧ ਵਿੱਚ ਪੰਜ ਮਹੀਨੇ ਦੀ ਕੀਤੀ ਗਈ ਜਾਂਚ ਤੋਂ ਬਾਅਦ 2.5 ਮਿਲੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਗਏ ਹਨ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਦਰਹਾਮ ਰੀਜਨਲ ਪੁਲਿਸ ਨੇ ਆਖਿਆ ਕਿ ਇਸ ਜਾਂਚ ਨੂੰ ਪ੍ਰੋਜੈਕਟ ਈਕੋਨੋਲਾਈਨ ਦਾ ਨਾਂ ਦਿੱਤਾ ਗਿਆ ਸੀ। ਇਸ ਦੀ ਅਗਵਾਈ ਸਰਵਿਸ ਦੀ ਡਰੱਗ ਐਨਫੋਰਸਮੈਂਟ ਯੂਨਿਟ ਵੱਲੋਂ ਕੀਤੀ



ਗਈ ਤੇ ਇਸ ਦੌਰਾਨ ਗ੍ਰੇਟਰ ਟੋਰਾਂਟੋ ਏਰੀਆ ਦੇ 28 ਸਰਚ ਵਾਰੰਟ ਕਢਵਾ ਕੇ ਉਨ੍ਹਾਂ ਥਾਂਵਾਂ ਦੀ ਤਲਾਸ਼ੀ ਲਈ ਗਈ। ਪੁਲਿਸ ਨੇ ਆਖਿਆ ਕਿ ਜਾਂਚ ਦੌਰਾਨ 5.8 ਕਿਲੋਗ੍ਰਾਮ ਫੈਂਟਾਨਿਲ, 4.2 ਕਿਲੋਗ੍ਰਾਮ ਕੋਕੀਨ, 205 ਗ੍ਰਾਮ ਮੈਥਾਮਫੈਟਾਮਾਈਨ, 3,000 ਆਕਸੀਕੋਡੋਨ ਪਿੱਲਜ਼ ਤੇ 30 ਕਿੱਲੋਗ੍ਰਾਮ ਗੈਰਕਾਨੂੰਨੀ ਭੰਗ ਬਰਾਮਦ ਹੋਈ।

ਇਸ ਤੋਂ ਇਲਾਵਾ ਹਾਈਡਰੋਮਰਫੋਨ, ਜੀਐਚਬੀ ਤੇ ਐਮਡੀਐਮਏ ਦੀ ਥੋੜ੍ਹੀ ਥੋੜ੍ਹੀ ਮਾਤਰਾ ਵੀ ਮਿਲੀ। ਜਾਂਚਕਾਰਾਂ ਦਾ ਮੰਨਣਾ ਹੈ ਕਿ ਜਿਹੜੇ ਨਸ਼ੀਲੇ ਪਦਾਰਥ ਫੜ੍ਹੇ ਗਏ ਹਨ ਉਨ੍ਹਾਂ ਦੀ ਅੰਦਾਜ਼ਨ ਕੀਮਤ 2.5 ਮਿਲੀਅਨ ਡਾਲਰ ਹੈ। ਇਸ ਤੋਂ ਇਲਾਵਾ ਇੱਕ ਅੱਠ ਹੈਂਡਗੰਨਜ਼ ਤੇ 300,000 ਡਾਲਰ ਤੋਂ ਵੱਧ ਦੀ ਨਕਦੀ ਵੀ ਬਰਾਮਦ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਸ ਦੌਰਾਨ 44 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਕ੍ਰਿਮੀਨਲ ਕੋਡ ਐਂਡ ਕੰਟਰੋਲਡ ਡਰੱਗ ਐਂਡ ਸਬਸਟਾਂਸ ਐਕਟ ਤਹਿਤ 295 ਚਾਰਜਿਜ਼ ਲਾਏ ਗਏ ਹਨ ।

# ਵਿਓਮਿੰਗ ਤੋਂ ਮਿਲੀ ਲਾਸ਼ ਗੈਬਰੀਐਲ ਪੈਟਿਟੋ ਦੀ ਹੋਣ ਦਾ ਸ਼ੱਕ

ਫਲੋਰਿਡਾ, 20 ਸਤੰਬਰ (ਪੋਸਟ ਬਿਊਰੋ) : ਅਧਿਕਾਰੀਆਂ ਦਾ ਕਹਿਣਾ ਹੈ ਕਿ ਐਤਵਾਰ ਨੂੰ ਵਿਓਮਿੰਗ ਤੋਂ ਮਿਲੀ ਲਾਸ਼ ਗੈਬਰੀਐਲ ਗੈਬੀ ਪੈਟਿਟੋ ਦੀ ਹੀ ਹੈ। ਇਹ ਲੜਕੀ ਆਪਣੇ ਬੁਆਏਫਰੈਂਡ ਨਾਲ ਕਰੌਸ ਕੰਟਰੀ ਟਰੈਕ ਉੱਤੇ ਜਾਣ ਤੋਂ ਬਾਅਦ ਤੋਂ ਲਾਪਤਾ ਸੀ। ਹੁਣ ਅਧਿਕਾਰੀ ਗੈਬਰੀਐਲ ਦੇ ਬੁਆਏਫਰੈਂਡ ਦੀ ਭਾਲ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਨਜ਼ਰ ਵਿੱਚ ਉਹ ਹੀ ਮਸ਼ਕੂਕ ਹੈ। ਉਸ ਦੀ ਭਾਲ ਫਲੋਰਿਡਾ ਨੇਚਰ ਪ੍ਰਿਜ਼ਰਵ ਵਿੱਚ ਕੀਤੀ ਜਾ ਰਹੀ ਹੈ।

ਐਫਬੀਆਈ ਨੇ ਆਖਿਆ ਕਿ ਇਹ ਲਾਸ਼ ਪਿਛਲੇ ਦੋ ਦਿਨ ਤੋਂ ਗੈਬਰੀਐਲ ਦੀ ਭਾਲ ਕਰ ਰਹੇ ਲਾਅ ਐਨਫੋਰਸਮੈਂਟ ਅਧਿਕਾਰੀਆਂ ਨੂੰ ਮਿਲੀ ਹੈ। ਐਫਬੀਆਈ ਦੇ ਸੁਪਰਵਾਈਜ਼ਰੀ ਸਪੈਸ਼ਲ ਏਜੰਟ ਚਾਰਲਸ ਜੋਨਜ਼ ਨੇ ਦੱਸਿਆ ਕਿ ਅਜੇ ਤੱਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਆਖਿਆ ਕਿ ਅਜੇ ਫੋਰੈਂਸਿਕ ਜਾਂਚ ਵਿੱਚ ਇਸ ਗੱਲ ਦੀ 100



ਫੀ ਸਦੀ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਇਹ ਲਾਸ਼ ਗੈਬੀ ਦੀ ਹੈ ਪਰ ਫਿਰ ਵੀ ਉਸ ਦੇ ਘਰਦਿਆਂ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ। ਪੈਟਿਟੋ ਦੇ ਪਰਿਵਾਰ ਲਈ ਬੁਲਾਰੇ ਦਾ ਕੰਮ ਕਰ ਰਹੇ ਅਟਾਰਨੀ ਰਿਚਰਡ ਬੈਨਸਨ ਨੇ ਆਖਿਆ ਕਿ ਇਸ ਸਮੇਂ ਪਰਿਵਾਰ ਨੂੰ ਥੋੜ੍ਹੀ ਪ੍ਰਾਈਵੇਸੀ ਚਾਹੀਦੀ ਹੈ ਤੇ ਉਹ ਕੁੱਝ ਸਮੇਂ ਬਾਅਦ ਬਿਆਨ ਜਾਰੀ ਕਰੇਗਾ। ਜੋਨਜ਼ ਨੇ ਆਖਿਆ ਕਿ ਨੈਸ਼ਨਲ ਫੌਰੈਸਟ ਦੇ ਨਾਲ ਲੱਗਦਾ ਗ੍ਰੈਂਡ ਟੈਟਨ ਦਾ ਪੂਰਬੀ ਹਿੱਸਾ ਹਾਲ ਦੀ ਘੜੀ ਜਾਂਚ ਲਈ ਬੰਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੈਟਿਟੋ ਤੇ ਉਸ ਦਾ ਬੁਆਏਫਰੈਂਡ ਲਾਂਡਰੇ ਅਮਰੀਕਾ ਦੇ ਪੱਛਮੀ ਹਿੱਸੇ ਵਿੱਚ ਸਥਿਤ ਨੈਸ਼ਨਲ ਪਾਰਕਸ ਵਿੱਚ ਘੁੰਮਣ ਫਿਰਨ ਲਈ ਕਰੌਸ ਕੰਟਰੀ ਟਰੈਕ ਉੱਤੇ ਜੁਲਾਈ ਵਿੱਚ ਰਵਾਨਾ ਹੋਏ ਸਨ। ਪੁਲਿਸ ਨੇ ਦੱਸਿਆ ਕਿ ਪਹਿਲੀ ਸਤੰਬਰ ਨੂੰ ਜਦੋਂ ਲਾਂਡਰੇ ਨੌਰਥ ਪੋਰਟ, ਫਲੋਰਿਡਾ, ਆਪਣੇ ਮਾਪਿਆਂ ਕੋਲ ਆਪਣੀ ਵੈਨ ਵਾਪਿਸ ਲੈ ਕੇ ਪਹੁੰਚਿਆ ਸੀ ਤਾਂ ਉਹ ਇੱਕਲਾ ਹੀ ਸੀ।

ਹੁਣ ਪੁਲਿਸ ਲਾਂਡਰੇ ਦੀ ਭਾਲ ਕਰ ਰਹੀ ਹੈ। ਉਸ ਨੂੰ ਆਖਰੀ ਵਾਰੀ ਮੰਗਲਵਾਰ ਨੂੰ ਫਲੋਰਿਡਾ ਵਿੱਚ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੇਖਿਆ ਗਿਆ। ਪੈਟਿਟੋ ਦੇ ਪਰਿਵਾਰ ਨੇ 11 ਸਤੰਬਰ ਨੂੰ ਸੁਫੋਕ ਕਾਊਂਟੀ, ਨਿਊ ਯੌਰਕ ਕੋਲ ਗੈਬੀ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ।

**A-One Drivers TRAINING SCHOOL**
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ


ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

**ਖਿੜਕੀਆਂ ਅਤੇ ਦਰਵਾਜੇ ਲਗਵਾਓ** Free Estimates


ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

**ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ**
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587


**ਜ਼ਰੂਰ ਜਾਣੋ; ਗਿਆਨ ਗੰਗਾ**
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਅਫਗਾਨਿਸਤਾਨ ਦੇ ਸੱਤਾ ਤਬਾਦਲੇ ਪਿੱਛੋਂ ਕੁਝ ਗੁੱਝੇ ਜਿਹੇ ਇਸ਼ਾਰੇ ਕਰ ਰਹੀ ਹੈ ਸੰਸਾਰ ਦੀ ਸਥਿਤੀ



ਜਤਿੰਦਰ ਪੰਨੂ

ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜ ਨਿਕਲੀ ਨੂੰ ਅਤੇ ਤਾਲਿਬਾਨ ਦੀ ਧਾੜ ਓਥੇ ਕਾਬਜ਼ ਹੋਈ ਨੂੰ ਇੱਕ ਮਹੀਨੇ ਤੋਂ ਉੱਪਰ ਹੋ ਚੁੱਕਾ ਹੈ। ਸਾਰੇ ਸੰਸਾਰ ਵਿੱਚ ਇਸ ਤਬਦੀਲੀ ਦੀ ਧੁੰਮ ਪੈਣ ਦੇ ਨਾਲ ਅਮਰੀਕਾ ਵਿੱਚ ਰਾਸ਼ਟਰਪਤੀ ਜੋਅ ਬਾਇਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਇਸ ਦੂਸ਼ਣਬਾਜ਼ੀ ਦੀ ਖੇਡ ਸ਼ੁਰੂ ਹੋ ਗਈ ਹੈ ਕਿ ਆਪਣੇ ਦੇਸ਼ ਦੀ ਵੱਧ ਬੇਇੱਜ਼ਤੀ ਕਰਾਉਣ ਦਾ ਕੌਣ ਜ਼ਿੰਮੇਵਾਰ ਹੈ ਅਤੇ ਇਹ ਖੇਡ ਵੀਹ ਸਾਲ ਪਹਿਲਾਂ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਤੱਕ ਵੀ ਚਲੀ ਗਈ ਹੈ। ਸਾਊਦੀ ਅਰਬ ਬਾਰੇ ਅਮਰੀਕੀ ਹਕੂਮਤ ਨੂੰ ਉਸ ਘਟਨਾ ਦੇ ਬਾਅਦ ਲਗਾਤਾਰ ਇਹ ਸ਼ੱਕ ਸੀ ਕਿ ਉਸ ਵਿੱਚ ਸ਼ਾਮਲ ਹੋਏ ਅੱਤਵਾਦੀਆਂ ਵਿੱਚੋਂ ਜਿਹੜੇ ਪਿੱਛੋਂ ਸਾਊਦੀ ਅਰਬ ਦੇ ਸਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਸ ਦੇਸ਼ ਤੋਂ ਮਦਦ ਮਿਲਦੀ ਸੀ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਰਿਸ਼ਤਿਆਂ ਵਿੱਚ ਏਦਾਂ ਦੀ ਕੋਈ ਕੁੜੱਤਣ ਨਹੀਂ ਸੀ ਆਉਣ ਦਿੱਤੀ। ਅਫਗਾਨਿਸਤਾਨ ਦੇ ਪੰਦਰਾਂ ਅਗਸਤ ਤੋਂ ਬਾਅਦ ਦੇ ਹਾਲਾਤ ਨੇ ਇਸ ਰਿਸ਼ਤੇਦਾਰੀ ਵਿੱਚ ਇੱਕ ਖਾਸ ਤਰ੍ਹਾਂ ਦੀ ਕੌੜ ਸ਼ੁਰੂ ਕਰ ਦਿੱਤੀ ਹੈ, ਜਿਸ ਦੀ ਜੜ੍ਹ ਵਰਲਡ ਟਰੇਡ ਸੈਂਟਰ ਦੀ ਘਟਨਾ ਦੇ ਦਸਤਾਵੇਜ਼ ਜਾਰੀ ਕਰਨ ਵਿੱਚੋਂ ਨਿਕਲਦੀ ਹੈ, ਜਿਨ੍ਹਾਂ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੋਸ਼ੀਆਂ ਦੀ ਮਦਦ ਇਸ ਦੇਸ਼ ਦੇ ਕੁਝ ਡਿਪਲੋਮੇਟਾਂ ਨੇ ਕੀਤੀ ਸੀ। ਸਿੱਧਾ ਦੋਸ਼ ਸਾਊਦੀ ਅਰਬ ਉੱਤੇ ਲਾਇਆ ਨਹੀਂ ਗਿਆ, ਪਰ ਜਿੰਨੀ ਵੀ ਗੱਲ ਵਲਾਵਾਂ ਪਾ ਕੇ ਕਹੀ ਗਈ ਹੈ, ਉਸ ਦੇ ਕਾਰਨ ਪਹਿਲਾਂ ਵਰਗੇ ਸੰਬੰਧ ਕਾਇਮ ਰਹਿਣ ਦੀ ਗੁੰਜਾਇਸ਼ ਬਹੁਤ ਘਟ ਗਈ ਹੈ।

ਦੂਸਰਾ ਅਸਰ ਅਫਗਾਨਿਸਤਾਨ ਦੇ ਹਾਲਾਤ ਦਾ ਉਸ ਪਾਕਿਸਤਾਨ ਵੱਲ ਪਿਆ ਹੈ, ਜਿਹੜਾ ਪਿਛਲੇ ਵੀਹ ਸਾਲਾਂ ਤੋਂ ਇੱਕੋ ਵਕਤ ਆਪਸ ਵਿੱਚ ਲੜਦੀਆਂ ਦੋ ਧਿਰਾਂ ਅਮਰੀਕਾ ਅਤੇ ਤਾਲਿਬਾਨ ਨਾਲ ਦੋਵਾਂ ਤੋਂ ਓਹਲਾ ਰੱਖ ਕੇ ਬਹੁਤ ਚੁਸਤੀ ਵਾਲੀ ਸਾਂਝ ਨਿਭਾਉਂਦਾ ਰਿਹਾ ਸੀ। ਉਹ ਸਮਝਦਾ ਸੀ ਕਿ ਅਮਰੀਕਾ ਵਾਲੇ ਉਸ ਨੂੰ ਤਾਲਿਬਾਨ ਦੇ ਖਿਲਾਫ ਆਪਣਾ ਸਾਥੀ ਮੰਨਦੇ ਹੋਣਗੇ ਅਤੇ ਤਾਲਿਬਾਨ ਉਸ ਨੂੰ ਅਮਰੀਕਾ ਦੀ ਬੁੱਕਲ ਦਾ ਸੱਪ ਮੰਨ ਕੇ ਆਪਣਾ ਸਾਥੀ ਸਮਝਦੇ ਹੋਣਗੇ, ਪਰ ਇਸ ਤੋਂ ਉਲਟ ਦੋਵਾਂ ਧਿਰਾਂ ਨੂੰ ਇਸ ਵਿੱਚੋਂ ਪਾਕਿਸਤਾਨ ਦੀ ਨੀਤੀ ਦਾ ਦੋਗਲਾਪਣ ਅਤੇ ਦੋਵਾਂ ਦੇ ਭੇੜ ਵਿੱਚੋਂ ਆਪਣੇ ਹਿੱਤਾਂ ਵਾਲੀ ਖੇਡ ਖੇਡੀ ਜਾਂਦੀ ਦਿੱਸ ਪਈ। ਨਤੀਜਾ ਇਸ ਦਾ ਇਹ ਹੋਇਆ ਕਿ ਅਮਰੀਕਾ ਨਾਲ ਸਮਝੌਤਾ ਕਰ ਕੇ ਉਨ੍ਹਾਂ ਉਸ ਦੇਸ਼ ਵਿੱਚੋਂ ਅਮਰੀਕੀ ਫੌਜ ਨਿਕਲ ਜਾਣ ਦਾ ਮੌਕਾ ਬਣਾਇਆ ਅਤੇ ਉਸ ਦੇ ਜਾਂਦੇ ਸਾਰ ਦੇਸ਼ ਉੱਤੇ ਕਬਜ਼ਾ ਕਰਨ ਵਿੱਚ ਕੋਈ ਦੇਰੀ ਨਹੀਂ ਸੀ ਕੀਤੀ। ਦੂਸਰੇ ਪਾਸੇ ਉਨ੍ਹਾਂ ਨੇ ਪਾਕਿਸਤਾਨੀ ਹਕੂਮਤ ਨੂੰ ਏਥੋਂ ਤੱਕ ਤਾਂ ਬਰਦਾਸ਼ਤ ਕਰ ਲਿਆ ਕਿ ਆਪਣੀ ਸਰਕਾਰ ਬਣਾਉਣ ਵਾਸਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਅਤੇ ਓਥੋਂ ਦੀ ਫੌਜ ਦੀਆਂ ਕੁਝ ਸੇਧਾਂ ਮੰਨ ਲਈਆਂ, ਪਰ ਭਵਿੱਖ ਦੇ ਦੁਵੱਲੇ ਕਾਰੋਬਾਰ ਜਾਂ ਦੂਸਰੇ ਦੇਸ਼ਾਂ ਨਾਲ ਦੁਵੱਲੇ ਸੰਬੰਧ ਪਾਕਿਸਤਾਨੀ ਹਾਕਮਾਂ ਦੇ ਕਹੇ ਮੁਤਾਬਕ ਰੱਖਣ ਵਾਲੀ ਗੱਲ ਨੂੰ ਅੱਖੋਂ ਪਰੋਖੇ ਕਰਨ ਲੱਗ ਪਏ। ਉਲਟਾ ਅਸਰ ਇਹ ਪਿਆ ਕਿ ਪਾਕਿ-ਸਤਾਨ ਦੇ ਲੋਕਾਂ ਵਿੱਚ ਵੀ ਤਾਲਿਬਾਨ ਵਾਲੀ ਸੋਚ ਭਾਰੂ ਹੋਣ ਲੱਗ ਪਈ ਤੇ ਇੱਕ ਸਰਵੇ ਅਨੁਸਾਰ ਦੋ-ਤਿਹਾਈ ਆਬਾਦੀ ਨੇ ਇਹ ਕਹਿਣ ਵਿੱਚ ਦੇਰ ਨਹੀਂ ਲਾਈ ਕਿ ਏਥੇ ਵੀ ਤਾਲਿਬਾਨ ਵਰਗਾ ਇਸਲਾਮੀ ਰਾਜ ਚਾਹੀਦਾ ਹੈ। ਪਾਕਿਸਤਾਨ ਦੇ ਹਾਕਮ ਨਵੀਂ ਸਥਿਤੀ ਤੋਂ ਅੰਦਰੋ-ਅੰਦਰੀ ਘਬਰਾਹਟ ਵਿੱਚ ਹਨ ਅਤੇ ਓਥੇ ਏਦਾਂ ਦੀ ਉਠਾਣ ਦਾ ਸੰਕੇਤ ਤਹਿਰੀਕ-ਇ-ਲਬੈਕ ਵਰਗੀ ਕੱਟੜਪੰਥੀ ਧਿਰ ਵੱਲੋਂ ਸਰਕਾਰ ਵਿਰੁੱਧ ਧਰਨੇ ਮਾਰ ਕੇ ਉਸ ਨੂੰ ਆਪਣੀਆਂ ਗੱਲਾਂ ਮਨਾਉਣ ਦੇ ਨਾਲ ਉਨ੍ਹਾਂ ਨੂੰ ਮਿਲ ਚੁੱਕਾ ਹੈ। ਇਸ ਦੇ ਬਾਅਦ ਪਾਕਿਸਤਾਨ ਦਾ ਹਰ ਆਗੂ ਸੋਚ-ਸੋਚ ਕੇ ਬੋਲਦਾ ਪਿਆ ਹੈ। ਅਗਲਾ ਸਮਾਂ ਉਸ ਦੇਸ਼ ਵਿੱਚ ਕਿੱਦਾਂ ਦਾ ਹੋਵੇਗਾ, ਹਾਲ ਦੀ ਘੜੀ ਪਾਕਿ-ਸਤਾਨ ਦੀ ਸਰਕਾਰ ਤੇ ਸਿਆਸਤ ਦੇ ਧੁਰੰਤਰ ਵੀ ਨਹੀਂ ਜਾਣ ਸਕਦੇ, ਪਰ ਹਾਲਾਤ ਦੀ ਚੀਰ-ਪਾੜ ਕਰਨ ਵਾਲੇ ਸੰਸਾਰ ਪੱਧਰ ਦੇ ਮਾਹਰ ਕਹਿੰਦੇ ਹਨ ਕਿ ਭਵਿੱਖ ਚੰਗੇ ਸੰਕੇਤ ਨਹੀਂ ਦੇ ਰਿਹਾ।



ਅਫਗਾਨਿਸਤਾਨ ਵਿੱਚ ਸੱਤਾ ਤਬਦੀਲੀ ਤੇ ਉਸ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਜਾਂ ਪਾਕਿਸਤਾਨ ਦੇ ਅੰਦਰ ਵਾਲੇ ਹਾਲਾਤ ਦਾ ਅਸਰ ਭਾਰਤ ਉੱਤੇ ਵੀ ਪੈਣ ਦੇ ਸੰਕੇਤ ਵੀ ਮਿਲਣ ਲੱਗੇ ਹਨ। ਅਮਰੀਕੀ ਸਰਕਾਰ ਨੇ ਆਪਣੀ ਫੌਜ ਅਫਗਾਨਿਸਤਾਨ ਤੋਂ ਨਿਕਲਣ ਪਿੱਛੋਂ ਇੱਕ ਮਹੀਨਾ ਵੀ ਨਹੀਂ ਛੱਡਿਆ ਤੇ ਆਸਟਰੇਲੀਆ ਤੇ ਬ੍ਰਿਟੇਨ ਨਾਲ ਮਿਲ ਕੇ ਇੱਕ 'ਆਸਟਰੇਲੀਆ, ਬ੍ਰਿਟੇਨ, ਅਮਰੀਕਾ' (ਏ, ਯੂ ਕੇ, ਯੂ ਐੱਸ ਜਾਂ ਆਕੱਸ) ਵਾਲਾ ਗੱਠਜੋੜ ਬਣਾ ਲਿਆ ਹੈ। ਇਸ ਦੇ ਪਿੱਛੇ ਲੁਕੀ ਹੋਈ ਨੀਤੀ ਭਾਰਤ ਨੂੰ ਵੇਲੇ ਸਿਰ ਵੇਖਣੀ ਚਾਹੀਦੀ ਹੈ। ਮਿਲੀਆਂ ਖਬਰਾਂ ਦੇ ਮੁਤਾਬਕ ਨਵਾਂ ਗੱਠਜੋੜ ਇੰਡੋ-ਪੈਸੇਫਿਕ ਰੀਜਨ ਵਿੱਚ ਚੀਨ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਬਣਿਆ ਹੈ, ਪਰ ਬਹੁਤ ਲੰਮੇ ਇੰਡੋ-ਪੈਸੇਫਿਕ ਖੇਤਰ ਵਿੱਚੋਂ ਇਸ ਦੀ ਬਹੁਤੀ ਨੀਤੀ ਸੈਂਟਰਲ ਇੰਡੋ-ਪੈਸੇਫਿਕ ਤੱਕ ਸੀਮਤ ਰੱਖਣ ਦੀ ਨੀਤ ਜਾਪਦੀ ਹੈ। ਭਾਰਤ-ਅਮਰੀਕਾ ਦੇ ਸੰਬੰਧ ਇਸ ਵਕਤ ਉਸ ਤੋਂ ਵੱਧ ਨਿੱਘੇ ਨਜ਼ਰ ਆ ਰਹੇ ਹਨ, ਜਿੰਨੇ ਕਿਸੇ ਵਕਤ ਭਾਰਤ ਤੇ ਰੂਸ ਵਿਚਾਲੇ ਹੁੰਦੇ ਸਨ। ਓਦੋਂ ਰੂਸ ਤੇ ਭਾਰਤ ਦਾ ਜੰਗੀ ਸਮਝੌਤਾ ਹੋਣ ਕਾਰਨ ਜਦੋਂ ਬੰਗਲਾ ਦੇਸ਼ ਦੀ ਲੜਾਈ ਵਿੱਚ ਭਾਰਤ ਕੁੱਦਿਆ ਤਾਂ ਅਮਰੀਕਾ ਦਾ ਜੰਗੀ ਬੇੜਾ ਪਾਕਿਸਤਾਨੀ ਫੌਜ ਦੀ ਮਦਦ ਵਾਸਤੇ ਤੁਰਦਾ ਵੇਖਦੇ ਸਾਰ ਸੋਵੀਅਤ ਰੂਸ ਨੇ ਭਾਰਤ ਦੀ ਮਦਦ ਲਈ ਆਪਣਾ ਬੇੜਾ ਅੱਗਲਵਾਂਢੀ ਰਾਹ ਰੋਕਣ ਵਾਸਤੇ ਠੇਲ੍ਹ ਦਿੱਤਾ ਸੀ ਅਤੇ ਅਮਰੀਕਾ ਵਾਲੇ ਭਾਰਤ ਤੋਂ ਡਰ ਕੇ ਨਹੀਂ, ਰੂਸ ਨਾਲ ਪੇਚਾ ਪੈਂਦਾ ਟਾਲਣ ਲਈ ਪਿੱਛੇ ਮੁੜ ਗਏ ਸਨ। ਓਦੋਂ ਦੀ ਕਹਾਣੀ ਅੱਜ ਏਨੀ ਬਦਲ ਗਈ ਹੈ ਕਿ ਉਸ ਵਿੱਚ ਜਿਹੜੀ ਥਾਂ ਰੂਸ ਲਿਖਿਆ ਹੁੰਦਾ ਸੀ, ਅੱਜ ਓਥੇ ਅਮਰੀਕਾ ਲਿਖਿਆ ਦਿੱਸਣ ਲੱਗ ਪਿਆ ਹੈ। ਇਹੋ ਗੱਲ ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਭਾਰਤ ਦੇ ਲੋਕਾਂ ਵਾਸਤੇ ਚਿੰਤਾ ਵਾਲੀ ਹੋ ਸਕਦੀ ਹੈ, ਪਰ ਭਾਰਤ ਦੀ ਸਰਕਾਰ ਇਹੋ ਜਿਹੀ ਚਿੰਤਾ ਵੱਲ ਕਿਸੇ ਦਾ ਧਿਆਨ ਨਾ ਜਾਣ ਦੇਣ ਲਈ ਨਿੱਤ ਦਿਨ ਦੂਸਰੇ ਮੁੱਦੇ ਉਛਾਲਣ ਲੱਗੀ ਰਹਿੰਦੀ ਹੈ। ਬਹੁਤ ਘੱਟ ਲੋਕ ਇਹ ਗੱਲ ਸਮਝਦੇ ਹਨ ਕਿ ਪਾਕਿਸਤਾਨ ਨਾਲ ਨੇੜਲੇ ਸੰਬੰਧ ਟੁੱਟ ਜਾਣ ਮਗਰੋਂ ਅਮਰੀਕਾ ਵਾਲੇ ਜਿਨ੍ਹਾਂ ਲੋੜਾਂ ਲਈ ਅਜੇ ਤੱਕ ਪਾਕਿਸਤਾਨ ਨੂੰ ਵਰਤਦੇ ਹੁੰਦੇ ਸਨ, ਉਨ੍ਹਾਂ ਲੋੜਾਂ ਦੀ ਪੂਰਤੀ ਲਈ ਅਗਲੇ ਸਮੇਂ ਵਿੱਚ ਭਾਰਤ ਨੂੰ ਵਰਤਣ ਵਾਲੇ ਹਾਲਾਤ ਚੁੱਪ-ਚੁਪੀਤੇ ਬਣਾਈ ਬੈਠੇ ਜਾਪਦੇ ਹਨ। ਇਹ ਗੱਲ ਸਾਡੇ ਲੋਕਾਂ ਨੂੰ ਸਮਝਣੀ ਪੈ ਸਕਦੀ ਹੈ।

ਪਿਛਲੇ ਦਿਨਾਂ ਵਿੱਚ ਭਾਰਤ ਦੇ ਕੁਝ ਹਾਈਵੇਜ਼ ਨੂੰ ਐਮਰਜੈਂਸੀ ਲੋੜਾਂ ਲਈ ਹਵਾਈ ਜਹਾਜ਼ ਉਤਾਰਨ ਜੋਗੇ ਰੰਨਵੇ ਬਣਾ ਦੇਣ ਦੀਆਂ ਕਈ ਖਬਰਾਂ ਅਸੀਂ ਲੋਕਾਂ ਨੇ ਸੁਣੀਆਂ ਅਤੇ ਪੜ੍ਹੀਆਂ ਸਨ। ਹਾਈਵੇਜ਼ ਨੂੰ ਰੰਨਵੇ ਵਰਗਾ ਬਣਾਉਣ ਵਾਲਾ ਕੰਮ ਕੋਈ ਇਸੇ ਸਾਲ ਨਹੀਂ ਹੋਇਆ, ਇਸ ਦੀ ਸ਼ੁਰੂਆਤ ਉੱਤਰ ਪ੍ਰਦੇਸ਼ ਵਿੱਚ ਅਖਿਲੇਸ਼ ਸਿੰਘ ਦੀ ਸਰਕਾਰ ਦੌਰਾਨ ਹੀ ਹੋ ਗਈ ਸੀ ਅਤੇ ਏਦਾਂ ਦੇ ਪਹਿਲੇ ਰੰਨਵੇ ਦੀ ਟੈੱਸਟਿੰਗ ਵੇਲੇ ਉਹ ਸਮਾਗਮ ਦਾ ਮੁੱਖ ਮਹਿਮਾਨ ਬਣਿਆ ਸੀ, ਪਰ ਭਾਰਤ ਦੇ ਲੋਕਾਂ ਨੂੰ ਓਦੋਂ ਤੱਕ ਵਿਚਲੀ ਗੱਲ ਦਾ ਅਹਿਸਾਸ ਨਹੀਂ ਸੀ ਹੋ ਰਿਹਾ। ਅੱਜਕੱਲ੍ਹ ਜਦੋਂ ਕਿਸੇ ਥਾਂ ਏਦਾਂ ਦੇ ਹਾਈਵੇਜ਼ ਨੂੰ ਐਮਰਜੈਂਸੀ ਰੰਨਵੇ ਵਾਂਗ ਵਰਤਣ ਦੇ ਯੋਗ ਬਣਾਇਆ ਅਤੇ ਪਰਚਾਰਿਆ ਜਾਂਦਾ ਹੈ ਤਾਂ ਨਾਲ ਹੀ ਸਰਕਾਰ ਪੱਖੀ ਚੈਨਲਾਂ ਦੇ ਐਂਕਰ ਇਹ ਗੱਲ ਮੁੜ-ਮੁੜ ਆਖਦੇ ਹਨ ਕਿ ਭਾਰਤ ਦੇ ਇਹ ਐਮਰਜੈਂਸੀ ਰੰਨਵੇ ਅਮਰੀਕਾ ਦੇ ਉਨ੍ਹਾਂ ਹਾਈਵੇਜ਼ ਵਰਗੇ ਬਣੇ ਹਨ, ਜਿਨ੍ਹਾਂ ਉੱਤੇ ਅਮਰੀਕੀ ਹਵਾਈ ਫੌਜ ਦੇ ਜਹਾਜ਼ ਕਿਸੇ ਵੇਲੇ ਵੀ ਉੱਤਰ ਸਕਦੇ ਹਨ। ਇਹ ਜ਼ਿਕਰ ਸੁੱਤੇ ਸਿੱਧ ਨਹੀਂ ਹੁੰਦਾ, ਇਸ ਦੇ ਪਿੱਛੇ ਲੋਕਾਂ ਨੂੰ ਇੱਕ ਤਰ੍ਹਾਂ ਮਾਨਸਿਕ ਤੌਰ ਉੱਤੇ ਤਿਆਰ ਕਰਨ ਦੀ ਖੇਡ ਹੈ, ਤਾਂ ਕਿ ਭਲਕ ਨੂੰ ਜਦੋਂ ਕਿਤੇ ਇਹੋ ਜਿਹੇ ਜਹਾਜ਼ ਸੜਕਾਂ ਉੱਤੇ ਉਤਾਰਨ ਦੀ ਘੜੀ ਆਵੇ ਤਾਂ ਲੋਕਾਂ ਦੀ ਸੋਚ ਨੂੰ ਝਟਕਾ ਨਾ ਲੱਗੇ।

ਉੱਨੀਵੀਂ ਸਦੀ ਦੇ ਅੰਤ ਵਿੱਚ ਜਦੋਂ ਕੁਝ ਪੱਛਮੀ ਦੇਸ਼ਾਂ ਵਿੱਚ ਸੜਕਾਂ ਨੂੰ ਚੌੜੀਆਂ ਕਰਨ ਤੇ ਨਾਲੋ ਨਾਲ ਰਾਹਾਂ ਵਿੱਚ ਕੁਝ ਦੇਰ ਪੜਾਅ ਕਰਨ ਦੇ ਟਿਕਾਣੇ ਬਣਾਉਣ ਦਾ ਕੰਮ ਸ਼ੁਰੂ ਹੋਇਆ ਸੀ ਤਾਂ ਰਣਨੀਤਕ ਮਾਹਰਾਂ ਨੇ ਓਦੋਂ ਹੀ ਕਹਿ ਦਿੱਤਾ ਸੀ ਕਿ ਕਿਸੇ ਵੱਡੀ ਜੰਗ ਦੀਆਂ ਤਿਆਰੀਆਂ ਹੁੰਦੀਆਂ ਜਾਪਦੀਆਂ ਹਨ। ਬਾਅਦ ਵਿੱਚ ਦੋ ਏਦਾਂ ਦੀਆਂ ਸੰਸਾਰ ਜੰਗਾਂ ਲੱਗਣ ਦੀ ਬਦਕਿਸਮਤ ਘੜੀ ਆ ਗਈ ਸੀ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਸੋਚਿਆ ਨਹੀਂ ਸੀ। ਅਫਗਾਨਿਸਤਾਨ ਵਿਚਲੀ ਸੱਤਾ ਤਬਦੀਲੀ ਤੋਂ ਬਾਅਦ ਅਮਰੀਕਾ ਦਾ ਪਾਕਿਸਤਾਨ ਨੂੰ ਇੱਕਦਮ ਛੰਡ ਕੇ ਪਿਛਾਹ ਕਰਨਾ ਅਤੇ ਸਾਊਦੀ ਅਰਬ ਤੋਂ ਆਪਣੀ ਨਿਗਾਹ ਘੁੰਮਾ ਕੇ ਅਚਾਨਕ ਆਸਟਰੇਲੀਆ ਅਤੇ ਬ੍ਰਿਟੇਨ ਨਾਲ ਮਿਲ ਕੇ ਨਵਾਂ 'ਆਕੱਸ' ਵਾਲਾ ਗੱਠਜੋੜ ਬਣਾ ਲੈਣਾ ਕੁਝ ਖਾਸ ਇਸ਼ਾਰੇ ਕਰ ਸਕਦਾ ਹੈ। ਸੰਸਾਰ ਰਣਨੀਤੀ ਵਿੱਚ ਸਾਰਾ ਕੁਝ ਕਿਹਾ ਨਹੀਂ ਜਾਂਦਾ, ਕਈ ਗੱਲਾਂ ਦੇ ਇਸ਼ਾਰੇ ਸਮਝਣੇ ਪੈਂਦੇ ਹਨ ਅਤੇ ਇਸ ਵਕਤ ਵੀ ਸੰਸਾਰ ਦੀ ਰਣਨੀਤੀ ਕੁਝ ਇਸ਼ਾਰੇ ਜਿਹੇ ਕਰਦੀ ਜਾਪਦੀ ਹੈ।

# ਚੰਦਰਮਾ 'ਵੋਬਲ' ਚੜ੍ਹਦੀ ਲਹਿਰਾਂ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ



-ਵਿਜੈ ਗਰਗ-

ਤੇਜ਼ੀ ਨਾਲ ਉਦਯੋਗੀਕਰਨ ਅਤੇ ਪਿਛਲੀਆਂ ਦੋ ਸਦੀਆਂ ਵਿੱਚ ਵਧੀਆਂ ਤਕਨੀਕੀ ਗੁੰਝਲਤਾ ਦੇ ਨਾਲ, ਅਜਿਹਾ ਲਗਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਦੀ ਵਿਸ਼ਾਲਤਾ ਨਾਲ ਸੰਪਰਕ ਗੁਆ ਚੁੱਕੇ ਹਾਂ. ਅੱਜ, ਵਾਤਾਵਰਣ ਤੇ ਸਾਡੇ ਫਿੰਗਰਪ੍ਰਿੰਟਸ ਹਰ ਜਗ੍ਹਾ ਮਿਲ ਸਕਦੇ ਹਨ - ਵਾਯੂਮੰਡਲ, ਸਮੁੰਦਰ ਅਤੇ ਧਰਤੀ ਦੀ ਸਤਹ. ਪਿੱਛੇ ਨਾ ਹਟਣ ਲਈ, ਹੁਣ ਇੱਕ ਹੋਰ ਖਿਡਾਰੀ ਆਕਾਸ਼ ਵਿੱਚ ਹੈ - ਚੰਦਰਮਾ, ਜਿਸਦੀ ਸਮੇਂ -ਸਮੇਂ 'ਤੇ ਧਰਤੀ' ਤੇ ਵਧ ਰਹੇ ਸਮੁੰਦਰ ਦੇ ਪੱਧਰ ਦੇ ਨਾਲ 'ਹਿਲਾਉਣਾ' ਨੇੜਲੇ ਭਵਿੱਖ ਵਿੱਚ ਉੱਚੀਆਂ ਲਹਿਰਾਂ ਨੂੰ ਹੋਰ ਉੱਚਾ ਕਰ ਦੇਵੇਗਾ, ਅੰਤ ਵਿੱਚ ਵਿਸ਼ਵ ਭਰ ਵਿੱਚ ਵਿਨਾਸ਼ਕਾਰੀ ਹੜ੍ਹਾਂ ਦਾ ਕਾਰਨ ਬਣਦਾ ਹੈ . ਉੱਚੀਆਂ ਲਹਿਰਾਂ ਮੁੱਖ ਤੌਰ ਤੇ ਧਰਤੀ ਉੱਤੇ ਚੰਦਰਮਾ ਦੁਆਰਾ ਖਿੱਚੀਆਂ ਗਈਆਂ ਗੁਰੂਤਾ ਖਿੱਚਾਂ ਕਾਰਨ ਹੁੰਦੀਆਂ ਹਨ. ਪਰ ਕਿਉਂਕਿ ਸਾਡੇ ਗ੍ਰਹਿ ਦਾ ਇਕਲੌਤਾ ਕੁਦਰਤੀ ਉਪਗ੍ਰਹਿ 18.6 ਸਾਲ ਦੇ ਅਨੁਮਾਨ ਲਗਾਉਣ ਦੇ ਚੱਕਰ ਵਿੱਚ ਇੰਨੀ ਹੌਲੀ ਹੌਲੀ ਹਿੱਲਦਾ ਹੈ, ਇਸ ਲਈ ਖਿੱਚਣ ਦੀ ਸ਼ਕਤੀ ਹਰ ਸਾਲ ਬਦਲਦੀ ਰਹਿੰਦੀ ਹੈ. ਫਿਰ ਵੀ, ਨਤੀਜਾ ਦੋ ਸਮਕਾਲੀ ਉੱਚੀਆਂ ਲਹਿਰਾਂ ਦਾ ਹੁੰਦਾ ਹੈ: ਇੱਕ ਧਰਤੀ ਦੇ ਇੱਕ ਪਾਸੇ ਚੰਦਰਮਾ ਦਾ ਸਾਹਮਣਾ ਕਰਨਾ, ਅਤੇ ਦੂਜਾ ਉਲਟ ਪਾਸੇ. ਧਰਤੀ ਆਪਣੀ ਧੁਰੀ 'ਤੇ ਚੰਨ ਦੇ ਦੁਆਲੇ ਘੁੰਮਣ ਨਾਲੋਂ ਬਹੁਤ ਤੇਜ਼ੀ ਨਾਲ ਘੁੰਮਦੀ ਹੈ. ਸਾਡੇ ਗ੍ਰਹਿ ਦੀ ਤੇਜ਼ੀ ਨਾਲ ਘੁੰਮਣ ਦੇ ਨਾਲ ਸੂਰਜ ਦੇ ਬਾਰੇ ਵਿੱਚ ਉੱਚੀ ਪਰਿਕਲਤੀ ਗਤੀ ਚੰਦਰਮਾ ਦੀ ਪਰਿਕਰਮਾ ਤੋਂ ਪਹਿਲਾਂ ਸਮੁੰਦਰੀ ਤੂਫਾਨ ਨੂੰ ਖਿੱਚਦੀ ਹੈ, ਜਦੋਂ ਕਿ ਚੰਦਰਮਾ ਦੀ ਗੁਰੂਤਾ ਖਿੱਚ ਇਸ ਨੂੰ ਪਿੱਛੇ ਖਿੱਚਣ ਦੀ ਕੋਸ਼ਿਸ਼ ਕਰਦੀ ਹੈ. ਧਰਤੀ, ਇਸ ਲਈ, ਇੱਕ ਖਿੱਚਣ ਵਾਲੀ ਸ਼ਕਤੀ ਨੂੰ ਮਹਿਸੂਸ ਕਰਦੀ ਹੈ ਜਿਸਨੂੰ ਸਮੁੰਦਰੀ ਘੁਟਣ ਕਿਹਾ ਜਾਂਦਾ ਹੈ, ਜਿਸਨੇ ਆਪਣੀ ਘੁੰਮਣ ਅਵਧੀ ਨੂੰ ਲਗਭਗ ਚਾਰ ਅਰਬ ਸਾਲ ਪਹਿਲਾਂ ਪੰਜ ਘੰਟਿਆਂ ਤੋਂ ਘਟਾ ਕੇ ਅੱਜ 23 ਘੰਟੇ 56 ਮਿੰਟ ਕਰ ਦਿੱਤਾ ਹੈ. ਚੰਦਰਮਾ ਨੂੰ ਆਪਣੀ ਧੁਰੀ ਉੱਤੇ ਇੱਕ ਵਾਰ ਘੁੰਮਣ ਵਿੱਚ ਉਹੀ ਸਮਾਂ - 27.3 ਦਿਨ - ਲੱਗਦੇ ਹਨ ਜਿਵੇਂ ਕਿ ਇਹ ਧਰਤੀ ਦੇ ਚੱਕਰ ਲਗਾਉਂਦਾ ਹੈ. ਇਸ ਨੂੰ ਸਮਕਾਲੀ ਰੋਟੇਸ਼ਨ ਕਿਹਾ ਜਾਂਦਾ ਹੈ. ਦੂਜੇ ਸ਼ਬਦਾਂ ਵਿੱਚ, ਚੰਦਰਮਾ ਧਰਤੀ ਦੇ ਨਾਲ ਸੁਚਾਰੂ ਢੰਗ ਨਾਲ ਬੰਦ ਹੈ, ਜਿਸਦਾ ਅਰਥ ਹੈ ਕਿ ਅਸੀਂ ਹਮੇਸ਼ਾਂ ਚੰਦਰਮਾ ਦੇ ਉਸੇ ਪਾਸੇ ਨੂੰ ਵੇਖਦੇ ਹਾਂ, ਚਾਹੇ ਉਹ ਚੰਦਰਮਾ ਆਪਣੀ ਕਲਾ ਵਿੱਚ ਹੋਵੇ. ਇਸ ਤੋਂ ਇਲਾਵਾ, ਚੰਦਰਮਾ ਦੀ ਸਪੱਸ਼ਟ ਤੌਰ 'ਤੇ ਹਿਲਾਉਣਾ ਅਤੇ ਹਿਲਾਉਣਾ ਹੈ, ਜਿਸ ਨੂੰ ਸਮੂਹਿਕ ਤੌਰ' ਤੇ "ਮੁਕਤੀ" ਕਿਹਾ ਜਾਂਦਾ ਹੈ. ਹਿਲਾਉਣਾ ਇੱਕ ਸਧਾਰਨ ਪੈਂਡੂਲਮ ਦੀ ਅੱਗੇ ਅਤੇ ਅੱਗੇ ਦੀ ਗਤੀ ਦੇ ਸਮਾਨ ਹੈ. ਇਹ ਚੰਦਰਮਾ ਦੀ ਧਰਤੀ ਦੇ ਦੁਆਲੇ ਇਸਦੇ ਅੰਡਾਕਾਰ ਚੱਕਰ ਦੇ ਨਾਲ ਗੈਰ-ਇਕਸਾਰ ਗਤੀ ਦਾ ਪ੍ਰਭਾਵ ਹੈ. ਜਿਵੇਂ ਕਿ ਚੰਦਰਮਾ ਪੈਰੀਗੀ ਦੇ ਨੇੜੇ ਪਹੁੰਚਦਾ ਹੈ, ਜੋ ਕਿ ਧਰਤੀ ਦੇ ਸਭ ਤੋਂ ਨੇੜਿਓਂ ਬਿੰਦੂ ਹੁੰਦਾ ਹੈ, ਓਰਬਿਟਲ ਗਤੀ ਵਧਦੀ ਹੈ. ਇਹ ਘਟਦਾ ਜਾਂਦਾ ਹੈ ਕਿਉਂਕਿ ਇਹ ਪੈਰੀਗੀ ਤੋਂ ਵਾਪਸ ਜਾਂਦਾ ਹੈ ਅਤੇ ਅਪੋਗੀ ਦੇ ਨੇੜੇ ਆਉਂਦਾ ਹੈ, ਜੋ ਕਿ ਧਰਤੀ ਤੋਂ ਸਭ ਤੋਂ ਦੂਰ ਹੈ. ਚੱਕਰ ਦੀ ਗਤੀ ਵਿੱਚ ਇਹ ਹੌਲੀ ਹੌਲੀ ਵਾਧਾ ਅਤੇ ਕਮੀ ਕਾਰਨ ਚੰਦਰਮਾ ਪੂਰਬ-ਪੱਛਮ ਦਿਸ਼ਾ ਵਿੱਚ ਲਗਭਗ ਸੱਤ ਡਿਗਰੀ ਤੱਕ-ਘੱਟੋ ਘੱਟ ਸਾਡੀਆਂ ਅੱਖਾਂ ਦੇ ਅੱਗੇ ਅਤੇ ਪਿੱਛੇ ਹਿਲਦਾ ਹੈ. ਹਿਲਾਉਣ ਵਾਲੀ ਗਤੀ ਇਸ ਤੱਥ ਤੋਂ ਵੀ ਉੱਠਦੀ ਹੈ ਕਿ ਚੰਦਰਮਾ ਦਾ ਘੁੰਮਣ ਵਾਲਾ ਧੁਰਾ ਇਸਦੇ ਚੱਕਰ ਦੇ ਜਹਾਜ਼ ਲਈ ਲੰਬਵਤ ਨਹੀਂ ਹੈ; ਇਹ 1.5 ਡਿਗਰੀ ਨਾਲ ਝੁਕਿਆ ਹੋਇਆ ਹੈ. ਇਸ ਤੋਂ ਇਲਾਵਾ, ਚੰਦਰਮਾ ਦਾ ਰਬਿਟਲ ਪਲੇਨ ਧਰਤੀ ਦੇ ਰਬਿਟਲ ਪਲੇਨ ਵੱਲ ਲਗਭਗ ਪੰਜ ਡਿਗਰੀ ਤੱਕ ਝੁਕਿਆ ਹੋਇਆ ਹੈ. ਇਨ੍ਹਾਂ ਝੁਕਾਵਾਂ ਦਾ ਸ਼ੁੱਧ ਪ੍ਰਭਾਵ ਉੱਤਰ-ਦੱਖਣ ਦਿਸ਼ਾ ਵਿੱਚ ਇੱਕ ਉੱਪਰ ਅਤੇ ਹੇਠਾਂ ਹਿੱਲਣਾ, ਜਾਂ ਹਿਲਾਉਣਾ ਹੈ. ਗਲੋਬਲ ਵਾਰਮਿੰਗ ਦੇ ਨਾਲ, ਚੰਦਰਮਾ ਦੀ ਲਹਿਰ ਜਾਂ ਤਾਂ ਲਹਿਰਾਂ ਦੀ ਤੀਬਰਤਾ ਨੂੰ ਵਧਾ ਸਕਦੀ ਹੈ ਜਾਂ ਉਨ੍ਹਾਂ ਦਾ ਮੁਕਾਬਲਾ ਕਰ ਸਕਦੀ ਹੈ. 18.6 ਸਾਲਾਂ ਦੇ ਘੁੰਮਣ ਚੱਕਰ ਦੇ ਅੱਧੇ ਸਮੇਂ ਦੇ ਦੌਰਾਨ, ਉੱਚੀਆਂ ਲਹਿਰਾਂ ਆਮ ਨਾਲੋਂ ਘੱਟ ਹੁੰਦੀਆਂ ਹਨ ਅਤੇ ਘੱਟ ਲਹਿਰਾਂ ਆਮ ਨਾਲੋਂ ਵੱਧ ਹੁੰਦੀਆਂ ਹਨ, ਇਸ ਲਈ ਦੋਵਾਂ ਵਿੱਚ ਅੰਤਰ ਬਹੁਤ ਛੋਟਾ ਹੁੰਦਾ ਹੈ. ਨਤੀਜੇ ਵਜੋਂ, ਇਹ ਕੁਝ ਹੱਦ ਤੱਕ ਵਧ ਰਹੇ ਸਮੁੰਦਰਾਂ ਦੇ ਪ੍ਰਭਾਵ ਨੂੰ ਨਕਾਰਦਾ ਹੈ. ਚੱਕਰ ਦੇ ਦੂਜੇ ਅੱਧ ਦੇ ਦੌਰਾਨ, ਉੱਚੀਆਂ ਲਹਿਰਾਂ ਵੱਡੀਆਂ ਹੁੰਦੀਆਂ ਹਨ ਅਤੇ ਹੇਠਲੀਆਂ ਲਹਿਰਾਂ ਘੱਟ ਹੁੰਦੀਆਂ ਹਨ, ਇਸ ਤੋਂ ਬਾਅਦ ਉੱਚੀਆਂ ਅਤੇ ਨੀਵੀਆਂ ਲਹਿਰਾਂ ਦੇ ਵਿਚਕਾਰ ਸੀਮਾ ਵਧਦੀ ਹੈ. ਇਹ ਚੱਕਰ ਸਮੁੰਦਰ ਦੇ ਪੱਧਰ ਦੇ ਵਧਣ ਦੇ ਪ੍ਰਭਾਵਾਂ ਨੂੰ ਵਧਾਉਂਦਾ ਹੈ. ਚੰਦਰਮਾ ਹੁਣ ਲਹਿਰਾਂ ਨੂੰ ਵਧਾਉਣ ਦੇ ਚੱਕਰ ਵਿੱਚ ਹੈ, ਪਰ ਜਲਵਾਯੂ ਤਬਦੀਲੀ ਦੇ ਕਾਰਨ ਪ੍ਰਭਾਵ ਨੂੰ ਸਪੱਸ਼ਟ ਕੀਤੇ ਜਾਣ ਦੇ ਕਾਰਨ ਅਜੇ ਤੱਕ ਸਮੁੰਦਰ ਦਾ ਪੱਧਰ ਉੱਚਾ ਨਹੀਂ ਹੋਇਆ ਹੈ. ਹਾਲਾਂਕਿ, ਨਾਸਾ ਅਤੇ ਹਵਾਈ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਪੀਅਰ-ਸਮੀਖਿਆ ਕੀਤੇ ਵਿ-ਗਿਆਨਕ ਰਸਾਲੇ ਨੇਚਰ ਕਲਾਈਮੇਟ ਚੇਂਜ ਵਿੱਚ ਪ੍ਰਕਾਸ਼ਤ ਇੱਕ ਨਵਾਂ ਅਧਿਐਨ, ਪੱਛਮੀ ਯੂਰਪ ਵਿੱਚ ਹਾਲ ਹੀ ਵਿੱਚ ਵਿਨਾਸ਼ਕਾਰੀ ਹੜ੍ਹ ਤੋਂ ਕੁਝ ਦਿਨ ਪਹਿਲਾਂ, ਚੇਤਾਵਨੀ ਦਿੰਦਾ ਹੈ ਕਿ ਧਰਤੀ ਨੂੰ 2030 ਦੇ ਅੱਧ ਵਿੱਚ ਰਿਕਾਰਡ ਹੜ੍ਹਾਂ ਦਾ ਅਨੁਭਵ ਹੋ ਸਕਦਾ ਹੈ, ਜਦੋਂ ਚੰਦਰਮਾ ਦਾ ਅਗਲਾ ਲਹਿਰਾਂ-ਪ੍ਰਸਾਰਣ ਚੱਕਰ ਹੋਣ ਵਾਲਾ ਹੈ. ਉਸ ਸਮੇਂ ਤੱਕ, ਗਲੋਬਲ ਸਮੁੰਦਰ ਦਾ ਪੱਧਰ ਪਹਿਲਾਂ ਹੀ ਉੱਚੀਆਂ ਉੱਚੀਆਂ ਲਹਿਰਾਂ ਨੂੰ ਖਾਸ ਕਰਕੇ ਮੁਸ਼ਕਲ ਬਣਾਉਣ ਲਈ ਕਾਫ਼ੀ ਵੱਧ ਗਿਆ ਹੋਵੇਗਾ. ਇਹ ਅਧਿਐਨ ਹੜ੍ਹਾਂ ਦੇ ਸਾਰੇ ਜਾਣੇ -ਪਛਾਣੇ ਸਮੁੰਦਰੀ ਅਤੇ ਖਗੋਲ ਵਿਗਿਆਨਕ ਕਾਰਨਾਂ ਨੂੰ ਧਿਆਨ ਵਿੱਚ ਰੱਖਣ ਵਾਲਾ ਪਹਿਲਾ ਹੈ. ਅਧਿਐਨ ਦੇ ਅਨੁਸਾਰ, ਇਹ ਹੜ੍ਹ ਤੱਟਵਰਤੀ ਦੇਸ਼ਾਂ ਵਿੱਚ ਹੜ੍ਹ ਦੀ ਹੱਦ ਤੋਂ ਜ਼ਿਆਦਾ ਵਾਰ ਹੱਦੋਂ ਵੱਧ ਜਾਣਗੇ - ਜਿੰਨੀ ਅਕਸਰ ਹਰ ਰੋਜ਼ ਜਾਂ ਹਰ ਦੂਜੇ ਦਿਨ. ਉਹ ਕਲੱਸਟਰਾਂ ਵਿੱਚ ਵੀ ਹੋ ਸਕਦੇ ਹਨ ਅਤੇ ਚੰਦਰਮਾ, ਧਰਤੀ ਅਤੇ ਸੂਰਜ ਦੀਆਂ ਸਥਿਤੀਆਂ ਦੇ ਅਧਾਰ ਤੇ ਇੱਕ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਤੱਕ ਰਹਿ ਸਕਦੇ ਹਨ. ਅਧਿਐਨ ਚੇਤਾਵਨੀ ਦਿੰਦਾ ਹੈ, "ਇਹ ਸਮੇਂ ਦੇ ਨਾਲ ਇਕੱਠਾ ਹੋਇਆ ਪ੍ਰਭਾਵ ਹੈ ਜਿਸਦਾ ਪ੍ਰਭਾਵ ਪਵੇਗਾ." ਹਾਲਾਂਕਿ, ਇਹ ਇਹ ਵੀ ਨੋਟ ਕਰਦਾ ਹੈ ਕਿ ਭਵਿੱਖਬਾਣੀ ਹਰ ਸਮੁੰਦਰੀ ਤੱਟ 'ਤੇ ਹਰ ਜਗ੍ਹਾ ਇਕਸਾਰ ਲਾਗੂ ਨਹੀਂ ਹੁੰਦੀ. ਜਲਵਾਯੂ ਪਰਿਵਰਤਨ ਨੇ ਪਹਿਲਾਂ ਹੀ ਦੁਨੀਆ ਭਰ ਵਿੱਚ ਤੂਫਾਨਾਂ, ਹੜ੍ਹਾਂ ਅਤੇ ਹੋਰ ਮੌਸਮ ਦੀਆਂ ਘਟਨਾਵਾਂ ਦੀ ਬਾਰੰਬਾਰਤਾ ਅਤੇ ਤੀਬਰਤਾ ਵਿੱਚ ਵਾਧਾ ਕੀਤਾ ਹੈ. ਦੂਰੀ 'ਤੇ ਇਹ ਆਉਣ ਵਾਲਾ ਖ਼ਤਰਾ ਵਾਧੂ ਤਬਾਹੀ ਮਚਾ ਸਕਦਾ ਹੈ, ਜਿਸ ਨਾਲ ਸਮੁੰਦਰੀ ਤੱਟ ਦੇ ਨਾਲ ਰਹਿਣ ਵਾਲੇ ਲੋਕਾਂ ਲਈ ਜਲਵਾਯੂ ਤਬਦੀਲੀ ਦੀ ਪਹਿਲਾਂ ਤੋਂ ਹੀ ਭਿਆਨਕ ਭਵਿੱਖਬਾਣੀਆਂ ਖਰਾਬ ਹੋ ਸਕਦੀਆਂ ਹਨ. ਯੂਐਸ ਐਟਲਾਂਟਿਕ ਅਤੇ ਖਾੜੀ ਤੱਟ ਦੇ ਕੁਝ ਵੱਡੇ ਸ਼ਹਿਰ, ਜਿਨ੍ਹਾਂ ਵਿੱਚ ਨਿਊਯਾਰਕ ਸਿਟੀ, ਮਿਆਮੀ ਅਤੇ ਨਿਊਓਰਲੀਨਜ਼ ਸ਼ਾਮਲ ਹਨ, ਨੂੰ ਸਖਤ ਮਾਰ ਪਵੇਗੀ. ਜਪਾਨ ਵਿੱਚ ਓਸਾਕਾ ਇੱਕ ਪ੍ਰਮੁੱਖ ਜੋਖਮ ਵਾਲਾ ਸ਼ਹਿਰ ਵੀ ਹੈ; ਜਲਵਾਯੂ ਮਾਡਲ ਦਿਖਾਉਂਦੇ ਹਨ ਕਿ ਇਹ ਵਧਦੀ ਲਹਿਰਾਂ ਦੇ ਨਾਲ "ਅਲੋਪ" ਹੋ ਸਕਦਾ ਹੈ. ਹੋਰ ਉੱਚ ਜੋਖਮ ਵਾਲੇ ਸ਼ਹਿਰ ਹਨ ਮਿਸਰ ਵਿੱਚ ਅਲੈਗਜ਼ੈਂਡਰੀਆ, ਬ੍ਰਾਜ਼ੀਲ ਵਿੱਚ ਰੀਓ ਡੀ ਜਨੇਰੀਓ ਅਤੇ ਚੀਨ ਵਿੱਚ ਸ਼ੰਘਾਈ. ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਇੱਕ ਅਧਰਮੀ ਸਮਾਜ ਤੋਂ ਬਚਾਉਣ ਲਈ ਨੂਹ ਨੂੰ ਇੱਕ ਕਿਸ਼ਤੀ ਬਣਾਉਣ ਵਿੱਚ ਕਈ ਸਾਲ ਲੱਗ ਗਏ ਜਿਨ੍ਹਾਂ ਨੂੰ ਰੱਬ ਇੱਕ ਵਿਨਾਸ਼ਕਾਰੀ ਹੜ੍ਹ ਭੇਜ ਕੇ ਤਬਾਹ ਕਰਨ ਜਾ ਰਿਹਾ ਸੀ. ਨੂਹ ਦੇ ਉਲਟ, ਸਾਡੇ ਕੋਲ ਜਲਵਾਯੂ ਪਰਿਵਰਤਨ ਦੇ ਵਿਨਾਸ਼ਕਾਰੀ ਪ੍ਰਭਾਵਾਂ ਤੋਂ ਬਚਾਉਣ ਲਈ ਲੋੜੀਂਦੇ ਨਿਵਾਰਣ ਅਤੇ ਅਨੁਕੂਲਤਾ ਦਾ ਕਿਸ਼ਤੀ ਬਣਾਉਣ ਲਈ ਸਾਡੇ ਕੋਲ ਘੱਟੋ ਘੱਟ 15 ਸਾਲ ਹਨ. ਇਸ ਤਰ੍ਹਾਂ ਇਹ ਸਮੇਂ ਦੇ ਵਿਰੁੱਧ ਇੱਕ ਦੌੜ ਹੈ, ਕਿਉਂਕਿ ਹੜ੍ਹ ਬਹੁਤ ਸਾਰੇ ਲੋਕਾਂ ਦੇ ਸੋਚਣ ਨਾਲੋਂ ਤੇਜ਼ੀ ਨਾਲ ਆ ਰਿਹਾ ਹੈ. ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਨਾਸਾ ਦੀ ਸਮੁੰਦਰੀ ਪੱਧਰ ਦੀ ਤਬਦੀਲੀ ਟੀਮ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰ ਰਹੀ ਹੈ ਤਾਂ ਜੋ ਅਸੀਂ "ਹੜ੍ਹ ਨਾਲ ਪ੍ਰਭਾਵਿਤ ਵਾਤਾਵਰਣ ਅਤੇ ਲੋਕਾਂ ਦੀ ਰੋਜ਼ੀ -ਰੋਟੀ ਨੂੰ ਨੁਕਸਾਨ ਦੀ ਯੋਜਨਾ, ਸੁਰੱਖਿਆ ਅਤੇ ਰੋਕਥਾਮ ਕਰ ਸਕੀਏ." ਅਖੀਰ ਵਿੱਚ, ਸਾਡਾ ਚੰਦਰਮਾ, ਹੁਣ ਤੱਕ ਅਕਾਸ਼ ਵਿੱਚ ਚਮਕਦਾਰ ਰਹੱਸਮਈ ਵਸਤੂ ਸ਼ਾਨਦਾਰ ਰੂਪ ਵਿੱਚ ਚਮਕ ਰਹੀ ਹੈ, "ਆਪਣੀ ਪ੍ਰਕਿਰਤੀ ਪ੍ਰਤੀ ਵਫ਼ਾਦਾਰ ਰਹੀ ਹੈ ਅਤੇ ਇਸਦੀ ਸ਼ਕਤੀ ਕਦੇ ਘੱਟ ਨਹੀਂ ਹੁੰਦੀ." ਸ਼ਕਤੀਆਂ ਵਿੱਚੋਂ ਇੱਕ ਜੋ ਹਮੇਸ਼ਾਂ ਲਚਕਦੀ ਰਹਿੰਦੀ ਹੈ (ਭਾਵੇਂ ਸਾਡੇ ਦੁਆਰਾ ਕਿਸੇ ਦਾ ਧਿਆਨ ਨਾ ਦਿੱਤਾ ਗਿਆ ਹੋਵੇ) ਅਤੇ ਹੁਣ ਤੋਂ ਲਗਭਗ 15 ਸਾਲ ਬਾਅਦ ਦੁਬਾਰਾ ਫਲੈਕਸ ਕਰੇਗੀ - ਪਰ ਇਸ ਵਾਰ ਜਲਵਾਯੂ ਤਬਦੀਲੀ ਦੇ ਨਾਲ ਮਿਲ ਕੇ ਕੰਮ ਕਰਨਾ - ਰਿਕਾਰਡ ਹੜ੍ਹਾਂ ਨੂੰ ਬਣਾਉਣ ਦੀ ਉਸਦੀ ਯੋਗਤਾ ਹੈ. ਹੜ੍ਹ ਸ਼ਾਇਦ ਸਾਡੇ ਨੇਤਾਵਾਂ ਨੂੰ ਦੇਵੇਗਾ, ਜੋ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਕਾਫ਼ੀ ਕੁਝ ਨਹੀਂ ਕਰ ਰਹੇ ਹਨ, ਹਿਲਾਉਣ ਵਾਲੇ ਚੰਦਰਮਾ ਨੂੰ ਦੋਸ਼ ਦੇ ਕੇ ਤੌਲੀਏ ਵਿੱਚ ਸੁੱਟਣ ਲਈ ਇੱਕ ਅਲਿਬੀ.

# ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ 95 ਸਾਲਾਂ ਦਾ ਲੰਬਾ ਸਫਰ



-ਇੰਦਰ ਮੋਹਨ ਸਿੰਘ-

'ਸਿੱਖ ਗੁਰਦੁਆਰਾ ਐਕਟ 1925' ਤੋਂ ਉਪਰੰਤ ਹੋਂਦ 'ਚ ਆਇਆ 'ਦਿੱਲੀ ਸਿੱਖ ਗੁਰਦੁਆਰਾ ਐਕਟ 1971' ਸਿੱਖ ਪੰਥ ਲਈ ਇਕ ਵੱਡੀ ਜਿੱਤ ਸੀ ਕਿਉਂਕਿ ਦਿੱਲੀ ਦੇ ਗੁਰਧਾਮਾਂ ਦਾ ਪ੍ਰਬੰਧ ਸਥਾਨਕ ਸਿੱਖ ਵੋਟਰਾਂ ਦੇ ਹੱਥਾਂ 'ਚ ਸੌਂਪਿਆ ਗਿਆ ਸੀ। ਇਸ ਮੁਹਿੰਮ ਦੀ ਸੁਰੂਆਤ ਨਵੰਬਰ 1920 'ਚ ਹੋਈ ਸੀ, ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਹੁਕਮਨਾਮੇ ਦੀ ਮਾਰਫਤ ਸ੍ਰੀ ਅਮ੍ਰਿਤਸਰ ਸਾਹਿਬ 'ਚ ਸਰਬੱਤ ਖਾਲਸਾ ਸੱਦ ਕੇ ਤੁਰੰਤ 'ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ' ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਨੇ ਗੁਰਧਾਮਾਂ 'ਤੇ ਕਾਬਿਜ ਸਾਰੇ ਮੰਹਤਾਂ ਨੂੰ ਅਪੀਲ ਕੀਤੀ ਸੀ ਉਹ ਆਪਣੇ ਗੁਰਧਾਮਾਂ ਦਾ ਪ੍ਰਬੰਧ 'ਤੇ ਉਨ੍ਹਾਂ ਦੀ ਜਾਇਦਾਦਾਂ ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦੇਣ। ਸ਼੍ਰੋਮਣੀ ਕਮੇਟੀ ਦੀ ਇਸ ਅਪੀਲ ਦਾ ਦਿੱਲੀ ਦੇ ਗੁਰਧਾਮਾਂ 'ਤੇ ਕਾਬਜ ਮਹੰਤਾਂ ਨੇ ਤਨਦੇਹੀ ਨਾਲ ਪਾਲਨ ਕੀਤਾ ਸੀ। ਸਾਲ 1925 'ਚ 'ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਗਠਨ ਕੀਤਾ ਗਿਆ, ਪਰੰਤੂ ਇਹ ਕਮੇਟੀ ਅਗਸਤ 1938 'ਚ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਦੇ ਤਹਿਤ ਰਜਿਸਟਰਡ ਹੋਣ ਤਕ ਬਗੈਰ ਨਿਰਧਾਰਤ ਨਿਯਮਾਂ ਦੇ ਚਲਦੀ ਰਹੀ। ਹਾਲਾਂਕਿ ਇਸ ਕਮੇਟੀ ਨੂੰ ਸਾਲ 1942 'ਚ 'ਗੁਰੁਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸੂਬਾ' 'ਚ ਤਬਦੀਲ ਕਰ ਦਿੱਤਾ ਗਿਆ 'ਤੇ ਇਸ ਕਮੇਟੀ ਨੂੰ ਵੀ ਸਾਲ 1944 'ਚ ਸੁਸਾਇਟੀ ਰਜਿਸਟਰੇਸ਼ਨ ਐਕਟ ਦੇ ਅਧੀਨ ਰਜਿਸਟਰਡ ਕਰਵਾਇਆ ਗਿਆ ਸੀ। ਭਾਰਤ ਦੇ ਆਜਾਦ ਹੋਣ ਤੋਂ ਉਪਰੰਤ ਅਕਾਲੀ ਦਲ 'ਤੇ ਸ਼੍ਰੋਮਣੀ ਕਮੇਟੀ ਦੇ ਕੁੱਝ ਮੈਂਬਰਾਂ ਵਲੋਂ ਕਾਗਰਸ ਪਾਰਟੀ 'ਚ ਪਾਲਾ ਬਦਲਣ ਦੇ ਕਾਰਨ ਸਾਲ 1951 'ਚ ਗੁਰੁਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ 11 ਮੈਂਬਰਾਂ ਦੀ ਇਕ ਆਰਜੀ ਕਮੇਟੀ ਦਾ ਗਠਨ ਕੀਤਾ ਗਿਆ। ਪਰੰਤੂ ਸਾਲ 1956 'ਚ ਸੱਤਾ ਬਦਲਦਿਆਂ ਹੀ ਅਕਾਲੀ ਧੜ੍ਹੇ ਨੇ ਇਸ ਕਮੇਟੀ ਨੂੰ ਭੰਗ ਕਰਕੇ ਇਕ 3 ਮੈਂਬਰੀ ਆਰਜੀ ਕਮੇਟੀ ਬਣਾ ਦਿੱਤੀ 'ਤੇ ਉਪਰੰਤ ਚੋਣਾਂ 'ਚ 8 ਮੈਂਬਰ ਨਿਰਵਿਰੋਧ ਚੁਣੇ ਗਏ 'ਤੇ 7 ਮੈਂਬਰ ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜਦ ਕੀਤੇ ਗਏ। ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਕਾਂਗਰਸ ਧੜ੍ਹੇ ਦੇ ਹੱਥਾਂ 'ਚ ਮੁੜ੍ਹ ਆਉਣ 'ਤੇ ਮਾਰਚ 1959 'ਚ ਅਕਾਲੀ ਧੜ੍ਹੇ ਵਲੋਂ ਬਣਾਈ ਗਈ ਗੁਰੁਦੁਆਰਾ ਕਮੇਟੀ ਨੂੰ ਭੰਗ ਕਰਕੇ ਇਕ 5 ਮੈਂਬਰੀ ਆਰਜੀ ਕਮੇਟੀ ਦਾ ਗਠਨ ਕੀਤਾ ਗਿਆ। ਉਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ 'ਤੇ ਕਾਬਜ ਅਹੁਦੇਦਾਰਾਂ ਨੇ ਮਾਰਚ 1959 'ਤੇ ਮੁੜ੍ਹ ਮਈ 1959 'ਚ ਦਿੱਲੀ ਦੇ ਇਤਹਾਸਿਕ ਗੁਰੁਦਵਾਰਾ ਸੀਸ ਗੰਜ ਸਾਹਿਬ 'ਤੇ ਬੰਗਲਾ ਸਾਹਿਬ 'ਤੇ ਜਬਰਨ ਕਬਜਾ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਅਸਲ 'ਚ ਦਿੱਲੀ ਦੇ ਗੁਰੁਧਾਮਾਂ 'ਚ ਚੱਲ ਰਿਹਾ ਇਹ ਜੰਗ ਅਕਾਲੀ ਧੜ੍ਹੇ 'ਤੇ ਕਾਂਗਰਸ ਧੜ੍ਹੇ ਵਿਚਾਲੇ ਸੀ। ਦਿੱਲੀ ਦੀ ਇਕ ਅਦਾਲਤ ਨੇ ਮਈ 1960 ਦੇ ਆਪਣੇ ਆਦੇਸ਼ 'ਚ ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਲੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ-ਕਾਜ 'ਚ ਦਖਲ ਦੇਣ 'ਤੇ ਰੋਕ ਲਗਾ ਦਿੱਤੀ ਸੀ। ਦੋਹਾਂ ਧਿਰਾਂ ਨੇ ਇਸ ਝਗੜੇ ਦਾ ਨਿਬਟਾਰਾ ਕਰਨ ਦੇ ਅਧਿਕਾਰ ਸਰਵਸਮੰਤੀ ਨਾਲ ਬਖਸ਼ੀ ਗੁਰਚਰਨ ਸਿੰਘ ਨੂੰ ਦੇ ਦਿੱਤੇ, ਜਿਨ੍ਹਾਂ ਦੇ ਅਪ੍ਰੈਲ 1962 'ਚ ਦਿੱਤੀ ਆਪਣੀ ਰਿਪੋਰਟ 'ਚ ਆਪਣੇ ਸਮੇਤ 19 ਮੈਂਬਰ ਨਾਮਜਦ ਕਰਨ 'ਤੇ 2 ਹੋਰ ਮੈਂਬਰਾਂ ਨੂੰ ਕੋ-ਆਪਟ ਕਰਕੇ ਇਕ ਨਵੀਂ ਕਮੇਟੀ ਬਣਾਉਣ ਦਾ ਸੁਝਾਉ ਦਿੱਤਾ। ਬਕਸ਼ੀ ਗੁਰਚਰਨ ਸਿੰਘ ਇਸ ਕਮੇਟੀ ਦੇ ਪ੍ਰਧਾਨ ਬਣੇ 'ਤੇ ਉਨ੍ਹਾਂ ਦੀ ਪ੍ਰਧਾਨਗੀ ਹੇਠ ਇਹ ਨਵੀ ਕਮੇਟੀ ਸਾਲ 1967 ਤਕ ਬਗੈਰ ਕਿਸੇ ਕਿੰਤੂ-ਪ੍ਰੰਤੂ ਦੇ ਕੰਮ ਕਰਦੀ ਰਹੀ, ਜਦੋਂ ਅਦਾਲਤ ਵਲੋਂ ਬਕਸ਼ੀ ਗੁਰਚਰਨ ਸਿੰਘ ਦੀ ਰਿਪੋਰਟ ਨੂੰ ਅਯੋਗ ਕਰਾਰ ਦਿੱਤਾ ਗਿਆ। ਦਿੱਲੀ ਦੇ ਗੁਰੁਧਾਮਾਂ 'ਚ ਫਿਰ ਝੜ੍ਹਪਾਂ ਸ਼ੁਰੂ ਹੋ ਗਈਆਂ 'ਤੇ ਜਨਵਰੀ 1971 'ਤੇ ਮੁੜ੍ਹ ਮਈ 1971 'ਚ ਦਿੱਲੀ ਦੇ ਸੀਸ ਗੰਜ ਸਾਹਿਬ 'ਤੇ ਬੰਗਲਾ ਸਾਹਿਬ ਗੁਰੁਧਾਮਾਂ 'ਤੇ ਹਥਿਆਰਬੰਦ ਹੁੜ੍ਹਦੰਗੀਆਂ ਨੇ ਕਬਜਾ ਕਰ ਲਿਆ। ਇਸ ਦੌਰਾਨ ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਦੇ ਗੁਰਧਾਮਾਂ ਦੀ ਦੇਖ-ਰੇਖ ਲਈ ਚਾਰ ਤਖਤਾਂ ਦੇ ਜੱਥੇਦਾਰ ਸਾਹਿਬਾਨਾਂ 'ਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ- ਗ੍ਰੰਥੀ ਸਮੇਤ ਇਕ 5 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਪਰੰਤੂ ਇਹ ਕਮੇਟੀ ਦਿੱਲੀ ਹਾਈ ਕੋਰਟ ਵਲੋਂ ਮਈ 1971 'ਚ ਜਾਰੀ ਆਦੇਸ਼ਾਂ ਦੇ ਮੱਦੇਨ-ਜਰ ਕਮੇਟੀ ਦਾ ਕੰਮ-ਕਾਜ ਨਹੀ ਸੰਭਾਲ ਸਕੀ, ਜਦਕਿ ਹਾਈ ਕੋਰਟ ਨੇ ਦਿੱਲੀ ਦੀ ਸੰਗਤਾਂ ਦੇ ਹਿਤਾਂ ਨੂੰ ਮੁੱਖ ਰਖਦਿਆਂ ਸੰਵਿਧਾਨਿਕ ਹਲ ਕਢੱਣ ਦੀ ਸਲਾਹ ਦਿੱਤੀ ਸੀ।

ਸਰਕਾਰ ਵਲੋਂ 20 ਮਈ 1971 ਨੂੰ 'ਦਿੱਲੀ ਸਿੱਖ ਗੁਰੂਦੁਆਰਾ (ਮੈਨੇਜਮੈਂਟ) ਆਰਡੀਨੈਂਸ 1971' ਜਾਰੀ ਕੀਤਾ ਗਿਆ, ਜਿਸ 'ਚ ਸੁਸਾਇਟੀ ਰਜਿਸਟਰੇਸ਼ਨ ਐਕਟ 1860 ਤਹਿਤ ਬਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਦਿਆਂ ਦਿੱਲੀ ਦੇ ਗੁਰਧਾਮਾਂ 'ਤੇ ਇਸ ਦੇ ਵਿਦਿਅਕ ਅਦਾਰਿਆਂ ਦੇ ਪ੍ਰਬੰਧ 'ਤੇ ਦੇਖ-ਰੇਖ ਕਰਨ ਲਈ ਇਕ ਪੰਜ ਮੈਂਬਰੀ ਬੋਰਡ ਦਾ ਗਠਨ ਕੀਤਾ ਗਿਆ। 26 ਮਈ 1971 ਨੂੰ ਇਸ ਆਰਡੀਨੈਂਸ ਨੂੰ 'ਦਿੱਲੀ ਸਿੱਖ ਗੁਰੂਦੁਆਰਾ (ਮੈਨੇਜਮੈਂਟ) ਐਕਟ 1971 (ਨੰ: 24) 'ਚ ਤਬਦੀਲ ਕੀਤਾ ਗਿਆ, ਹਾਲਾਂਕਿ ਐਕਟ ਨੰ: 24 ਇਕ ਆਰਜੀ ਪ੍ਰਬੰਧ ਸੀ। ਸਰਕਾਰ ਦੀ ਮੰਸ਼ਾ ਦਿੱਲੀ ਦੇ ਗੁਰਧਾਮਾਂ ਨੂੰ ਤੁਰੰਤ ਪਾਰਦਰਸ਼ੀ 'ਤੇ ਸੁਚੱਜਾ ਪ੍ਰਬੰਧ ਦੇਣਾ ਸੀ, ਇਸ ਲਈ 'ਦਿੱਲੀ ਗੁਰੂਦੁਆਰਾ ਬਿਲ' ਤਿਆਰ ਕੀਤਾ ਗਿਆ ਜਿਸਨੂੰ 22 ਦਿਸੰਬਰ 1971 ਨੂੰ ਲੋਕ-ਸਭਾ 'ਤੇ ਦੋ ਦਿਨਾਂ ਬਾਅਦ ਰਾਜ-ਸਭਾ ਵਲੋਂ ਪਾਸ ਕੀਤਾ ਗਿਆ 'ਤੇ ਭਾਰਤ ਦੇ ਰਾਸਟਰਪਤੀ ਪਾਸੋਂ 30 ਦਿਸੰਬਰ 1971 ਨੂੰ ਮੰਜੂਰੀ ਮਿਲਣ ਤੋਂ ਉਪਰੰਤ 31 ਦਿਸੰਬਰ 1971 ਨੂੰ 'ਦਿੱਲੀ ਸਿੱਖ ਗੁਰੂਦੁਆਰਾ ਐਕਟ 1971' ਹੋਂਦ 'ਚ ਲਿਆਂਦਾ ਗਿਆ ਸੀ। ਇਸ ਐਕਟ ਦੇ ਮੁਤਾਬਿਕ 4 ਸਾਲਾਂ ਦੀ ਮਿਆਦ ਵਾਲੀ 55 ਮੈਂਬਰੀ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ 'ਚ 46 ਵਾਰਡਾਂ ਤੋਂ ਚੁਣੇ ਹੋਏ 'ਤੇ 9 ਕੋ-ਆਪਟ (ਨਾਮਜਦ) ਕੀਤੇ ਮੈਂਬਰ ਹੁੰਦੇ ਹਨ, ਜਿਨ੍ਹਾਂ 'ਚ ਇਕ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ ਸਾਹਿਬ ਦਾ ਨੁਮਾਇੰਦਾ, 4 ਸਿੱਖ ਤਖਤਾਂ ਮਸਲਨ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅਮ੍ਰਿਤਸਰ, ਸ੍ਰੀ ਕੇਸਗੜ੍ਹ ਸਾਹਿਬ

ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਹਰਮੰਦਿਰ ਸਾਹਿਬ ਪਟਨਾ ਸਾਹਿਬ (ਬਿਹਾਰ), ਸ੍ਰੀ ਹਜੂਰ ਸਾਹਿਬ ਨਾਂਦੇੜ੍ਹ (ਮਹਾਰਾਸ਼ਟਰ) ਦੇ ਜੱਥੇਦਾਰ ਸਾਹਿਬਾਨ, ਦਿੱਲੀ ਦੇ ਰਜਿਸਟਰਡ ਸਿੰਘ ਸਭਾ ਗੁਰੂਦੁਆਰਿਆਂ ਦੇ ਪ੍ਰਧਾਨਾਂ 'ਚੋਂ 2 ਮੈਂਬਰ ਲਾਟਰੀ ਰਾਹੀ 'ਤੇ ਦਿੱਲੀ ਦੇ 2 ਸਿੱਖ ਨੁਮਾਇੰਦੇ ਨਵੇ ਚੁਣੇ 46 ਮੈਂਬਰਾਂ ਦੀ ਵੋਟਾਂ ਰਾਹੀ ਨਾਮਜਦ ਕੀਤੇ ਜਾਂਦੇ ਹਨ। ਦਸੱਣਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਪੰਜਾਬ ਨੂੰ ਦਿੱਲੀ ਗੁਰੂਦੁਆਰਾ ਐਕਟ 'ਚ ਸਿੱਖਾਂ ਦੇ ਪੰਜਵੇ ਤਖਤ ਵਜੋਂ ਹੁਣ ਤਕ ਸ਼ਾਮਿਲ ਨਹੀ ਕੀਤਾ ਗਿਆ ਹੈ, ਜਦਕਿ ਇਹ ਤਖਤ ਸ਼੍ਰੋਮਣੀ ਕਮੇਟੀ ਚੋਣਾਂ ਲਈ ਲਾਗੂ ਸਿੱਖ ਗੁਰਦੁਆਰਾ ਐਕਟ 1925 'ਚ ਪਹਿਲਾਂ ਹੀ ਸਾਲ 1999 ਤੋਂ ਸ਼ਾਮਿਲ ਹੈ। ਦਿੱਲੀ ਸਿੱਖ ਗੁਰੂਦੁਆਰਾ ਐਕਟ 1971 ਦੇ ਤਹਿਤ ਮੁੱਢਲੀਆਂ ਆਮ ਦਿੱਲੀ ਗੁਰੂਦੁਆਰਾ ਚੋਣਾਂ ਸਰਕਾਰ ਵਲੋਂ 20 ਮਾਰਚ 1975 ਨੂੰ ਕਰਵਾਈਆਂ ਗਈਆਂ ਸਨ 'ਤੇ ਪਹਿਲੀ ਦਿੱਲੀ ਗੁਰੂਦੁਆਰਾ ਕਮੇਟੀ ਦਾ ਗਠਨ 28 ਅਪ੍ਰੈਲ 1975 ਨੂੰ ਕੀਤਾ ਗਿਆ ਸੀ। ਇਸ ਤੋਂ ਉਪਰੰਤ ਦਿੱਲੀ ਗੁਰੂਦੁਆਰਾ ਚੋਣਾਂ ਸਾਲ 1975, 1979, 1995, 2002, 2007, 2013, 2017 'ਤੇ ਹਾਲ 'ਚ 22 ਅਗਸਤ 2021 ਨੂੰ ਨੇਪਰੇ ਚੜ੍ਹੀਆਂ ਹਨ। ਹਾਲਾਂਕਿ ਦਿੱਲੀ ਗੁਰੂਦੁਆਰਾ ਐਕਟ 'ਤੇ ਨਿਯਮਾਂ 'ਚ ਸਮੇਂ-ਸਮੇਂ 'ਤੇ ਕਈ ਸੋਧਾਂ ਹੁੰਦੀਆਂ ਰਹੀਆਂ ਹਨ, ਪਰੰਤੂ 2 ਸੋਧਾਂ ਨੂੰ ਮੁੱਖ ਤੋਰ 'ਤੇ ਦੇਖਿਆ ਜਾ ਸਕਦਾ ਹੈ ਜਿਸ 'ਚ ਸਾਲ ਮਾਰਚ 1981 'ਚ ਹੋਈ ਸੋਧ ਜਿਸ ਰਾਹੀ ਪ੍ਰਧਾਨ 'ਤੇ ਹੋਰਨਾਂ ਅਹੁਦੇਦਾਰਾਂ ਦੀ ਹਾਈ ਸਕੂਲ ਦੀ ਮੂਲ ਯੋਗਤਾ ਨੂੰ ਹਟਾਏ ਜਾਣ 'ਤੇ ਫਰਵਰੀ 2002 'ਚ ਹੋਈ ਸੋਧ ਜਿਸ ਰਾਹੀ ਸਿੱਖ ਵੋਟਰਾਂ ਦੀ ਯੋਗ ਉਮਰ ਨੂੰ 21 ਸਾਲ ਤੋਂ ਘਟਾ ਕੇ 18 ਸਾਲ ਕੀਤਾ ਜਾਣਾ ਸ਼ਾਮਿਲ ਹਨ। 150 ਕਰੋੜ੍ਹ ਤੋਂ ਵੱਧ ਦੱਸੀ ਜਾਂਦੀ ਸਾਲਾਨਾ ਆਮਦਨ ਵਾਲੀ ਦਿੱਲੀ ਕਮੇਟੀ ਮੌਜੂਦਾ ਸਮੇਂ ਦਿੱਲੀ ਦੇ ਇਤਿਹਾਸਿਕ 'ਤੇ ਹੋਰਨਾਂ ਗੁਰਦੁਆਰਿਆਂ ਤੋਂ ਇਲਾਵਾ ਕਈ ਸਕੂਲਾਂ, ਕਾਲਜਾਂ, ਪੋਲੀਟੈਕਨਿਕ, ਇੰਜੀਨੀਰਿੰਗ 'ਤੇ ਪ੍ਰਬੰਧ ਸੰਸਥਾਨਾਂ, ਹਸਪਤਾਲਾਂ, ਡਿਸਪੈਸਰੀਆਂ 'ਤੇ ਬਜੁਰਗ ਘਰਾਂ ਦਾ ਪ੍ਰਬੰਧ 'ਤੇ ਦੇਖ-ਰੇਖ ਕਰ ਰਹੀ ਹੈ।

ਇੰਦਰ ਮੋਹਨ ਸਿੰਘ,
ਦਿੱਲੀ ਗੁਰੂਦੁਆਰਾ ਮਾਮਲਿਆਂ ਦੇ ਮਾਹਿਰ
ਮੋਬਾਇਲ: 9971564801

# ਕੈਪਟਨ ਅਮਰਿੰਦਰ ਸਿੰਘ ਸਰਬੱਤ ਖਾਲਸਾ ਦੇ ਜੱਥੇਦਾਰਾਂ ਮੂਹਰੇ ਫਿਰ ਪੇਸ਼ ਨਹੀਂ ਹੋਏ

*** ਅਗਲੀ ਪੇਸ਼ੀ 4 ਅਕਤੂਬਰ ਦੀ ਰੱਖੀ ਗਈ**

ਅੰਮ੍ਰਿਤਸਰ, 20 ਸਤੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਰਾਜ ਵੇਲੇ ਸਾਲ 2015 ਵਿੱਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਸ਼ਾਂਤਮਈ ਧਰਨਾ ਦੇਂਦੀ ਸੰਗਤ ਉੱਤੇ ਪੁਲਸ ਵੱਲੋਂ ਗੋਲੀ ਚਲਾਉਣ ਦੀ ਘਟਨਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਲਈ ਸਰਬੱਤ ਖਾਲਸਾ ਵਾਲੇ ਜਥੇਦਾਰ ਧਿਆਨ ਸਿੰਘ ਮੰਡਦੀ ਅਗਵਾਈ ਵਿੱਚ ਲੱਗੇ ਮੋਰਚੇ ਨੂੰ ਚੁਕਵਾਉਣ ਲਈ ਕਾਂਗਰਸ ਸਰਕਾਰ ਨੇ ਤਿੰਨ ਮੰਤਰੀ ਅਤੇ ਤਿੰਨ ਵਿਧਾਇਕਭੇਜ ਕੇ ਕਾਰਵਾਈ ਦਾ ਵਾਅਦਾ ਕੀਤਾ ਸੀ। ਪੰਜਾਬ ਦੇ ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘਦੇ ਇਸ ਵਾਅਦੇ ਅਨੁਸਾਰ ਬਹੁਤ ਛੇਤੀ ਦੋਸ਼ੀਆਂ ਨੂੰ ਸਰਕਾਰ ਵੱਲੋਂ ਸਜ਼ਾਵਾਂ ਦਿੱਤੀਆਂ ਜਾਣੀਆਂ ਸਨ, ਪਰ ਕੋਈ ਇਨਸਾਫ਼ ਨਹੀਂ ਮਿਲਿਆ। ਇਸ ਬਾਰੇ ਕੁਝ ਸਮਾਂ



ਪਹਿਲਾਂ ਸਰਬੱਤ ਖਾਲਸਾ ਦੇ ਪੰਜ ਸਿੰਘ ਸਾਹਿਬਾਨ ਨੇ ਦੋਂਹ ਮੰਤਰੀਆਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਧਾਇਕਾਂਕੁਲਬੀਰ ਸਿੰਘ ਜ਼ੀਰਾ, ਹਰਮਿੰਦਰ ਸਿੰਘ ਗਿੱਲ ਅਤੇ ਹੋਰਨਾਂ ਨੂੰ ਸ੍ਰੀ ਅਕਾਲ ਤਖ਼ਤ ਉੱਤੇ ਪੇਸ਼ ਹੋਣ ਲਈ ਕਿਹਾ ਸੀ।ਇਨ੍ਹਾਂ ਸਾਰਿਆਂ ਨੇ ਪੇਸ਼ ਹੋ ਕੇ ਆਪਣਾ ਲਿਖਤੀ ਸਪੱਸ਼ਟੀਕਰਨ ਦਿੰਦਿਆਂ ਕਿਹਾ ਸੀ ਕਿ ਕਾਰਵਾਈ ਨਾ ਹੋਣ ਦੇ ਜ਼ਿੰਮੇਵਾਰਉਹ ਨਹੀਂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਨ।

ਇਸ ਦੇ ਬਾਅਦ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਸਮੇਤ ਪੰਜ ਸਿੰਘ ਸਾਹਿਬਾਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਵਿਖੇ 20 ਸਤੰਬਰ ਨੂੰ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਨਹੀਂ ਹੋਏ। ਅੱਜ ਇਸ ਦੇ ਬਾਰੇ ਜਥੇਦਾਰ ਧਿਆਨ ਸਿੰਘ ਮੰਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਫਿਰ ਹਦਾਇਤ ਕੀਤੀ ਕਿ ਉਹ 4 ਅਕਤੂਬਰ ਨੂੰ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇ ਕੇ ਗੁਰੂਤੇ ਸੰਗਤ ਦੀਆਂ ਖੁਸ਼ੀਆਂ ਲੈਣ। ਪੱਤਰਕਾਰਾਂ ਦੇ ਕੁਝ ਸਵਾਲਾਂ ਦੇ ਜਵਾਬ ਦਿੰਦਿਆਂ ਜਥੇਦਾਰ ਮੰਡ ਨੇ ਕਿਹਾ ਕਿ ਜਿਸ ਕਿਸੇ ਨੇ ਵੀ ਗੁਰੂ ਨਾਲ ਮੱਥਾ ਲਾਇਆ, ਉਸ ਦਾ ਕੱਖ ਨਹੀਂ ਰਹਿਣਾ। ਪਿਛਲੀਆਂਚੋਣ ਵਿੱਚ ਸੁਖਬੀਰ ਸਿੰਘ ਬਾਦਲ ਜਦੋਂ ਵੋਟਾਂ ਮੰਗਦਾ ਫਿਰਦਾ ਸੀ, ਮੈਂ ਸੰਗਤਾਂ ਨੂੰ ਕਿਹਾ ਸੀ ਕਿ ਇਸ ਨੇ ਗੁਰੂ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਇਆ ਹੈ, ਇਸ ਨੂੰ ਵੋਟਾਂ ਨਾ ਪਾਉਅਤੇ ਉਹ ਹਾਰ ਗਿਆ ਸੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋ ਕੇ ਆਪਣਾ ਗੁਨਾਹ ਕਬੂਲ ਲੈਣਾ ਚਾਹੀਦਾ ਹੈ।

# ਕੈਪਟਨ ਅਮਰਿੰਦਰ ਨੇ ਕਿਹਾ: ਪੰਜ ਮਹੀਨਿਆਂ ਵਿੱਚ ਵਾਪਰੀਆਂ ਸਿਆਸੀ ਘਟਨਾਵਾਂ ਨਾਲ ਦੁੱਖ ਪੁੱਜੈ

*** ਅਸਤੀਫ਼ੇ ਤੋਂ ਪਹਿਲਾਂ ਸੋਨੀਆ ਗਾਂਧੀ ਨੂੰ ਪੱਤਰ ਵੀ ਲਿਖਿਐ**

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਵਜੋਂ ਗਵਰਨਰ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂਰਸਮੀ ਤੌਰ ਉੱਤੇ ਆਪਣਾ ਅਸਤੀਫ਼ਾ ਸੌਂਪੇ ਜਾਣ ਤੋਂ ਕੁਝ ਘੰਟੇ ਪਹਿਲਾਂ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਆਪਣੇ ਫੈਸਲੇ ਬਾਰੇ ਜਾਣੂੰ ਕਰਵਾ ਦਿੱਤਾ ਸੀ।

ਇਸ ਪੱਤਰ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਪੰਜ ਮਹੀਨਿਆਂ ਵਿੱਚ ਵਾਪਰੀਆਂ ਸਿਆਸੀ ਘਟਨਾਵਾਂ ਉੱਤੇ ਦੁੱਖ ਜ਼ਾਹਰ ਕਰਦਿਆਂ ਸਾਫ ਕਿਹਾ ਕਿ ਇਹ ਗਤੀਵਿਧੀਆਂ ਪੰਜਾਬ ਦੇ ਕੌਮੀ ਮਹੱਤਵ ਤੇ ਇਸ ਦੇ ਮੁੱਖ ਸਰੋਕਾਰਾਂ ਦੀ ਪੂਰੀ ਸਮਝ ਹੋਣ ਉੱਤੇ ਅਧਾਰਤ ਨਹੀਂ ਹਨ। ਪੰਜਾਬ ਕਾਂਗਰਸ ਵਿੱਚ ਸਿਆਸੀ ਗਤੀਵਿਧੀਆਂ ਦੇ ਨਤੀਜੇ ਵਜੋਂ ਇਸ ਰਾਜ ਵਿੱਚ ਅਸਥਿਰਤਾ ਦੇ ਡਰ ਬਾਰੇ ਇਸ਼ਾਰਾ ਕਰਦੇ ਹੋਏ ਉਨ੍ਹਾਂ ਨੇ ਸੋਨੀਆ ਗਾਂਧੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਮੇਰੀ ਨਿੱਜੀ ਪੀੜਾ ਦੇ ਬਾਵਜੂਦ ਮੈਂ ਆਸ ਕਰਦਾਂ ਹਾਂ ਕਿ ਇਸ ਨਾਲ ਸੂਬੇ ਵਿੱਚ ਬਹੁਤ ਘਾਲਣਾ ਘਾਲ ਕੇ ਹਾਸਲ ਕੀਤੇ ਅਮਨ-ਸ਼ਾਂਤੀ ਅਤੇ ਵਿਕਾਸ ਨੂੰ ਕੋਈ ਨੁਕਸਾਨ ਨਾ ਪਹੁੰਚੇ ਤੇ ਉਹ ਯਤਨ, ਜਿਨ੍ਹਾਂ ਵੱਲ ਮੈਂ ਪਿਛਲੇ ਕੁਝ ਸਾਲਾਂ ਦੌਰਾਨ ਧਿਆਨ ਦੇ ਰਿਹਾ ਸੀ, ਜਾਰੀ ਰਹਿਣਗੇ ਤਾਂ ਕਿ ਸਾਰਿਆਂ ਲਈ ਨਿਆਂ ਯਕੀਨੀ ਬਣਾਇਆ ਜਾ ਸਕੇ।

ਇਸਦੇ ਨਾਲ ਕੈਪਟਨ ਅਮਰਿੰਦਰ ਸਿੰਘ ਨੇ ਸਰਹੱਦੀ ਸੂਬੇ ਪੰਜਾਬ ਦੇ ਮੁੱਖ ਮੰਤਰੀ ਵਜੋਂ ਲੋਕਾਂ ਲਈ ਕੀਤੇ ਕੰਮਾਂ ਉੱਤੇ ਨਿੱਜੀ ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਇਸਦੇ ਬਹੁਤ ਸਾਰੇ ਸਿਆਸੀ ਤੇ ਹੋਰ ਅੰਦਰੂਨੀ ਸੁਰੱਖਿਆ ਪੱਖ ਹਨ, ਜਿਨ੍ਹਾਂ ਨੂੰ ਮੈਂ ਬਿਨਾਂ ਕਿਸੇ ਸਮਝੌਤੇ ਦੇ ਕਾਂਗਰਸੀ ਢੰਗ ਨਾਲ ਹੱਲ ਕਰਨ ਦੀ ਕੋਸ਼ਿਸ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਖੁਸ਼ ਹਨ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਰਹੀ ਤੇ ਮੁਕੰਮਲ ਸਦਭਾਵਨਾ ਕਾਇਮ ਰਹੀ। ਸਾਲ 2002 ਤੋਂ 2007 ਅਤੇ ਫਿਰ ਸਾਲ 2017 ਤੋਂ ਸਤੰਬਰ 2021 ਤਕ ਸਾਢੇ ਨੌਂ ਸਾਲ ਰਾਜ ਚਲਾਉਣ ਪਿੱਛੋਂ ਮੁੱਖ ਮੰਤਰੀ ਦਾ ਅਹੁਦਾ ਛੱਡਣ ਦੇ ਆਪਣੇ ਫੈਸਲੇ ਬਾਰੇ ਕਾਂਗਰਸ ਪ੍ਰਧਾਨ ਨੂੰ ਦੱਸਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਕਿ ਭਾਵੇਂ ਉਹ (ਸੋਨੀਆ ਗਾਂਧੀ) ਬੀਤੇ ਸਾਢੇ ਚਾਰ ਸਾਲਾਂ ਵਿੱਚ ਕੀਤੀਆਂ ਪ੍ਰਾਪਤੀਆਂ ਵਿੱਚੋਂ ਕੁਝ ਬਾਰੇ ਨਿੱਜੀ ਤੌਰ ਉੱਤੇ ਜਾਣੂੰ ਹੋਣ, ਪਰ ਪੰਜਾਬ ਦੇ ਲੋਕ ਸੰਪੂਰਨ ਤੇ ਪ੍ਰਭਾਵਸ਼ਾਲੀ ਜਨਤਕ ਨੀਤੀਆਂ ਲਈ ਕਾਂਗਰਸ ਵੱਲ ਦੇਖ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿਇਨ੍ਹਾਂ ਸਾਢੇ ਨੌਂ ਸਾਲਾਂ ਵਿੱਚ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਭਲੇ ਲਈ ਤਨ-ਮਨ ਨਾਲ ਕੰਮ ਕੀਤਾ ਹੈ ਅਤੇ ਉਹ ਸੂਬੇ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਮੇਰੇ ਲਈ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਮੈਂ ਨਾ ਸਿਰਫ਼ ਕਾਨੂੰਨ ਦਾ ਰਾਜ ਕਾਇਮ ਕੀਤਾ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਇਆ, ਸਗੋਂ ਸਿਆਸੀ ਮਾਮਲਿਆਂ ਦੇ ਪ੍ਰਬੰਧਾਂ ਵਿੱਚ ਨੈਤਿਕ ਵਿਹਾਰ ਕਾਇਮ ਰੱਖਿਆ, ਜਿਸ ਦੌਰਾਨ ਸਾਲ 2019 ਦੀਆਂ ਪਾਰਲੀਮੈਂਟ ਚੋਣਾਂ ਵਿੱਚ 13 ਵਿੱਚੋਂ ਅੱਠ ਸੀਟਾਂ ਜਿੱਤੀਆਂ ਤੇ ਪੰਚਾਇਤੀ ਚੋਣਾਂ ਤੇ ਸ਼ਹਿਰੀ ਚੋਣਾਂ ਵਿੱਚ ਵੀ ਫੈਸਲਾਕੁੰਨ ਜਿੱਤ ਪ੍ਰਾਪਤ ਕੀਤੀ ਸੀ। ਸਾਲ 2017 ਵਿੱਚ ਪੰਜਾਬ ਕਾਂਗਰਸ ਵੱਲੋਂ ਕੀਤੇ ਵਾਅਦੇ ਪੂਰੇ ਕਰਨ ਲਈ ਬੀਤੇ ਸਾਢੇ ਚਾਰ ਸਾਲਾਂ ਵਿੱਚ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਕਰਦੇ ਹੋਏ ਅਮਰਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਵਾਅਦਿਆਂ ਵਿੱਚੋਂ ਉਨ੍ਹਾਂ ਦੀ ਸਰਕਾਰ ਨੇ 89.2 ਫ਼ੀਸਦੀ ਨੂੰ ਪੂਰਾ ਕਰ ਦਿੱਤਾ ਹੈ, ਜਦਕਿ ਬਾਕੀ ਲਈ ਕੰਮ ਹੋ ਰਿਹਾ ਹੈ।

# ਪੰਜਾਬ ਕਾਂਗਰਸ ਵਿੱਚ 1996 ਵਰਗੇ ਹਾਲਾਤ ਇੱਕ ਵਾਰ ਫਿਰ ਬਣੇ

ਪਟਿਆਲਾ, 20 ਸਤੰਬਰ (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਨੇ ਆਖਰ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਦਲਿਤ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਹੈ। ਉਨ੍ਹਾਂ ਦੇ ਐਲਾਨ ਨਾਲ ਇੱਕ ਵਾਰ ਫਿਰ ਪੰਜਾਬ ਵਿੱਚ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਵਾਲੇ ਸਿਆਸੀ ਹਾਲਾਤ ਬਣ ਗਏ ਹਨ। ਵਰਨਣ ਯੋਗ ਹੈ ਕਿ 31 ਅਗਸਤ 1995 ਨੂੰ ਬੇਅੰਤ ਸਿੰਘ ਦੇ ਕਤਲ ਪਿੱਛੋਂ ਪੰਜਾਬ ਵਿੱਚ ਕਾਂਗਰਸ ਲੀਡਰਸ਼ਿਪ ਦਾ ਸੰਕਟ ਪੈਦਾ ਹੋ ਗਿਆ ਸੀ। ਕਾਂਗਰਸ ਹਾਈ ਕਮਾਂਡ ਨੇ ਓਦੋਂ ਹਰਚਰਨ ਸਿੰਘ ਬਰਾੜ ਨੂੰ ਮੁੱਖ ਮੰਤਰੀ ਬਣਾ ਦਿੱਤਾ ਤਾਂ ਉਨ੍ਹਾਂ ਨੇ ਕੁਝ ਮਹੀਨੇ ਕੰਮ ਕੀਤਾ, ਪਰ ਜਦੋਂ ਹਾਈ ਕਮਾਂਡ ਨੂੰ ਲੱਗਾ ਕਿ ਬਰਾੜ ਫੇਲ ਮੁੱਖ ਮੰਤਰੀ ਸਾਬਤ ਹੋ ਰਹੇ ਹਨ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਬੀਬੀ ਰਜਿੰਦਰ ਕੌਰ ਭੱਠਲ ਨੂੰ ਮੁੱਖ ਮੰਤਰੀ ਬਣਾ ਦਿੱਤਾ ਸੀ। ਇਸੇ ਤਰ੍ਹਾਂ ਕਾਂਗਰਸ ਹਾਈ ਕਮਾਂਡ ਨੇ ਇਸ ਵਾਰੀ ਮਹਿਸੂਸ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਵਜੋਂ ਫੇਲ ਸਾਬਤ ਹੋ ਰਹੇ ਹਨ, ਜਿਸ ਕਰ ਕੇ ਉਨ੍ਹਾਂ ਨੂੰ ਅਸਤੀਫ਼ਾ ਦੇਣ ਦਾ ਹੁਕਮ ਦੇ ਦਿੱਤਾ। ਕੈਪਟਨ ਦੇ ਅਸਤੀਫ਼ੇ ਪਿੱਛੋਂ ਮੀਡੀਆ ਵਿੱਚ ਖ਼ਬਰ ਆਈ ਕਿ ਹਾਈ ਕਮਾਂਡ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾ ਰਹੀ ਹੈ, ਫਿਰ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਹਰ ਕਾਂਗਰਸ ਸਰਕਾਰ ਵਿੱਚ ਵਜੀਰ ਰਹੇ ਅਤੇ ਅੱਜਕੱਲ੍ਹ ਪੰਜਾਬ ਮੰਡੀਬੋਰਡ ਦੇ ਚੇਅਰਮੈਨ ਲਾਲ ਸਿੰਘ ਦਾ ਨਾਮ ਆ ਗਿਆ। ਉਸ ਦੇ ਬਾਅਦ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਮ ਚੱਲ ਪਿਆ। ਇਸ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਅੰਬਿਕਾ ਸੋਨੀ, ਵਿਜੇਇੰਦਰ ਸਿੰਗਲਾ ਦਾ ਨਾਮ ਚਰਚਿਤ ਰਿਹਾ। ਦੋ ਦਿਨ ਮੀਡੀਆ ਵਿੱਚ ਇੱਕ ਦਰਜਨ ਦੇ ਲੱਗਭਗ ਕਾਂਗਰਸੀ ਆਗੂ ਬਣਦੇ ਦਿੱਸਦੇ ਰਹੇ। ਆਖਰ ਕਾਂਗਰਸ ਹਾਈ ਕਮਾਂਡ ਨੇ ਵਿਧਾਇਕ ਦਲ ਦੀ ਮੀਟਿੰਗ ਰੱਖੀ ਤਾਂ ਉਹ ਵੀ ਕੈਂਸਲ ਕਰਨੀ ਪਈ। ਕੱਲ੍ਹ ਸ਼ਾਮ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਂ ਫਾਈਨਲ ਹੋਣ ਦੀ ਅੰਤਿਮ ਖ਼ਬਰ ਆ ਗਈ, ਜਿਸ ਨਾਲ ਨਵਜੋਤ ਸਿੰਘ ਸਿੱਧੂ ਨਾਰਾਜ਼ ਹੋ ਗਏ ਤੇ ਕਾਂਗਰਸ ਨੇ ਅੰਤ ਵਿੱਚ ਦਲਿਤ ਪੱਤਾ ਖੇਡਦੇ ਹੋਏ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਜੋਂ ਅੱਗੇ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਦੀ ਕਾਂਗਰਸ ਇੱਕ ਵਾਰ ਫਿਰ 1996 ਵਾਲੇ ਮੋੜ ਉੱਤੇ ਪਹੁੰਚ ਗਈ ਹੈ, ਜਦੋਂ ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਬੀਬੀ ਰਜਿੰਦਰ ਕੌਰ ਭੱਠਲ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ, ਪਰ 1997 ਦੇ ਸ਼ੁਰੂ ਵਿੱਚ ਚੋਣਾਂ ਹੋਈਆਂ ਤਾਂ ਕਾਂਗਰਸ ਨੂੰ 117 ਸੀਟਾਂ ਵਿੱਚੋਂ ਸਿਰਫ 14 ਸੀਟਾਂ ਮਿਲੀਆਂ ਸਨ।

# ਮੁਹੰਮਦ ਮੁਸਤਫ਼ਾ ਨੇ ਕੈਪਟਨ ਨੂੰ ਕਿਹਾ: ਦੇਸ਼ ਭਗਤੀ ਦੇ ਸਰਟੀਫ਼ਿਕੇਟ ਨਾ ਵੰਡਦੇ ਫਿਰੋ

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਤੇ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫ਼ਾ ਨੇ ਕੈਪਟਨ ਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਸੇਧਿਆ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਨੂੰ ਰਾਸ਼ਟਰੀ ਸੁਰੱਖਿਆ ਦੇ ਲਈ ਖ਼ਤਰਾ ਕਿਹਾ ਸੀ। ਇਸ ਉੱਤੇਮੁਹੰਮਦ ਮੁਸਤਫ਼ਾ ਨੇ ਕਿਹਾ ਕਿ 'ਤੁਸੀਂ ਦੇਸ਼ਭਗਤੀ ਦਾ ਸਰਟੀਫ਼ਿਕੇਟ ਨਾ ਵੰਡੋ, ਤੁਸੀਂ 14 ਸਾਲ ਆਈ ਐਸ ਆਈ ਦੀ ਏਜੰਟ ਦੇ ਨਾਲ ਰਹੇ ਹੋ, ਮੇਰਾ ਮੂੰਹ ਨਾ ਖੁੱਲ੍ਹਵਾਓ।'ਇਸ ਤਰ੍ਹਾਂ ਮੁਸਤਫ਼ਾ ਨੇ ਕੈਪਟਨ ਅਮਰਿੰਦਰ ਸਿੰਘਨੂੰ ਪਾਕਿਸਤਾਨੀ ਔਰਤ ਪੱਤਰਕਾਰ ਅਰੂਸਾ ਆਲਮ ਦਾ ਮਿਹਣਾ ਦਿੱਤਾ ਹੈ, ਜਿਸ ਨਾਲ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਨਜ਼ਦੀਕੀਆਂ ਹਨ। ਮੁਸਤਫ਼ਾ ਨੇ ਅਰੂਸਾ ਆਲਮ ਵੱਲੋਂ ਪੰਜਾਬ ਸਰਕਾਰ ਵਿੱਚ ਦਖ਼ਲ ਦੇਣ ਵੀ ਸਵਾਲ ਚੁੱਕੇ। ਉਨ੍ਹਾ ਕਿਹਾ ਕਿ ਉਹ ਜਾਣਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਮੂੰਹ ਉੱਤੇ



ਹੀ ਝੂਠ ਬੋਲਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ'ਨਵਜੋਤ ਸਿੱਧੂ ਉੱਤੇ ਤੁਸੀਂ ਹਰ ਤਰ੍ਹਾਂ ਦਾ ਰਾਜਨੀਤਕ ਹਮਲਾ ਕਰ ਸਕਦੇ ਹੋ, ਪਰ ਉਨ੍ਹਾਂ ਦੀ ਦੇਸ਼ਭਗਤੀ ਨੂੰ ਚੁਣੌਤੀ ਨਾ ਦਿਓ ਤੇ ਦੇਸ਼ਭਗਤੀ ਦਾ ਸਰਟੀਫਿਕੇਟ ਨਾ ਵੰਡੋ।' ਮੁਸਤਫ਼ਾ ਨੇ ਕਿਹਾ,'ਮੇਰੇ ਕੋਲ ਤੁਹਾਡੇ ਗਲਤ ਕੰਮਾਂ ਦਾ ਵੱਡਾ ਚਿੱਠਾ ਹੈ, ਪਰ ਮੈਂ ਇਸ ਨੂੰ ਰਾਹੁਲ ਗਾਂਧੀ ਨਾਲ ਸਾਂਝਾ ਨਹੀਂ ਕੀਤਾ, ਕਿਉਂਕਿ ਮੈਂ ਤੁਹਾਡੇ ਨਾਲ ਵਾਅਦਾ ਕੀਤਾ ਸੀ। ਇਹ ਮੇਰੇ ਚਰਿੱਤਰ ਦੀ ਤਾਕਤ ਹੈ।' ਮੁਸਤਫ਼ਾ ਨੇ ਪੁਰਾਣੇ ਗੀਤ 'ਰਾਜ਼ ਕੋ ਰਾਜ਼ ਰਹਿਨੇ ਦੋ' ਦਾ ਵੀਡੀਓ ਵੀ ਟਵੀਟ ਕੀਤਾ ਅਤੇ ਬਹੁਤ ਸਾਰੀਆਂ ਹੋਰ ਗੱਲਾਂ ਵੀ ਗਿਣਾਈਆਂ ਹਨ।

# ਗੁਟਕਾ ਸਾਹਿਬ ਨਾਲੀ ਵਿੱਚ ਸੁੱਟਣ ਉੱਤੇ ਗ੍ਰੰਥੀ ਤੇ ਤਾਂਤਰਿਕ ਸਣੇ ਤਿੰਨ ਜਣੇ ਕੇਸ ਵਿੱਚ ਨਾਮਜ਼ਦ

ਪਾਤੜਾਂ, 20 ਸਤੰਬਰ (ਪੋਸਟ ਬਿਊਰੋ)- ਪਿੰਡ ਸ਼ੁਤਰਾਣਾ ਦੇ ਡੇਰਾ ਗੋਬਿੰਦਪੁਰਾ ਵਿਖੇ ਗੁਟਕਾ ਸਾਹਿਬ ਦੀ ਬੇਅਦਬੀ ਹੋਣ ਦੀ ਘਟਨਾ ਪਿੱਛੋਂ ਐਸ ਪੀ ਪਟਿਆਲਾ ਕੇਸਰ ਸਿੰਘ ਨੇ ਮੌਕੇ ਦਾ ਜਾਇਜ਼ਾ ਲਿਆ ਹੈ।

ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਿਰਮਲ ਸਿੰਘ ਹਰਿਆਊ ਨੇ ਮੌਕੇ ਉੱਤੇ ਪਹੁੰਚ ਕੇ ਸਥਾਨਕ ਗੁਰਦੁਆਰਾ ਕਮੇਟੀ ਤੋਂ ਤੱਥ ਇਕੱਠੇ ਕਰਨ ਮਗਰੋਂ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਤਾਂ ਪੁਲਸ ਨੇ ਗ੍ਰੰਥੀ ਅਮਰੀਕ ਸਿੰਘ, ਉਸ ਦੇ ਦੋ ਪੁੱਤਰਾਂ ਚਰਨਜੀਤ ਸਿੰਘ ਅਤੇ ਸਤਨਾਮ ਸਿੰਘ, ਗ੍ਰੰਥੀ ਗੁਰਧਿਆਨ ਸਿੰਘ ਵਾਸੀ ਕਕਰਾਲਾ ਭਾਈਕਾ, ਗ੍ਰੰਥੀ ਦੇ ਲੜਕੇ ਦੇ ਸਾਂਢੂ ਦਿਲਬਾਗ ਸਿੰਘ ਵਾਸੀ ਸ਼ਾਹਪੁਰ ਥਾਣਾ ਕੁਰਾਲੀ, ਰੋਪੜ ਅਤੇ ਤਾਂਤਰਿਕ ਨੂਰ ਮੁਹੰਮਦ ਹਸਬ ਵਾਸੀ ਚੰਡੀਗੜ੍ਹ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਡੀ ਐਸ ਪੀ ਪਾਤੜਾਂ ਬੂਟਾ ਸਿੰਘ ਗਿੱਲ ਨੇ ਦੱਸਿਆ ਕਿ ਗੋਬਿੰਦਪੁਰਾ, ਸ਼ੁਤਰਾਣਾ ਦੇ ਵਸਨੀਕ ਗ੍ਰੰਥੀ ਅਮਰੀਕ ਸਿੰਘ, ਜੋ ਨਾਲ ਦੇ ਪਿੰਡ ਜੈਖਰ ਦੇ ਗੁਰਦੁ-ਆਰਾ ਸਾਹਿਬ ਵਿੱਚ ਹੈਡ ਗ੍ਰੰਥੀ ਵਜੋਂ ਸੇਵਾ ਨਿਭਾ ਰਿਹਾ ਹੈ, ਦੇ ਪਰਵਾਰ ਨੇ ਕੁਝ ਦਿਨ ਪਹਿਲਾਂ ਆਪਣੇ ਘਰ ਵਿੱਚ ਬੁਲਾਏ ਗਏ ਤਾਂਤਰਿਕ ਦੇ ਰਾਹੀਂ ਪਾਖੰਡਵਾਦ ਕਰਨ ਮੌਕੇ ਘਰ ਵਿੱਚ ਰੱਖੇ ਗੁਟਕਾ ਸਾਹਿਬ ਨੂੰ ਘਰੋਂ ਬਾਹਰ ਗੰਦੇ ਪਾਣੀ ਦੀ ਨਾਲੀ ਵਿੱਚ ਸੁੱਟਵਾ ਦਿੱਤਾ ਸੀ। ਇਸ ਦਾ ਪਤਾ ਲੱਗਣ ਉੱਤੇ ਪਿੰਡ ਦੇ ਹੀ 12 ਸਾਲਾ ਬੱਚੇ ਅਕਾਸ਼ਦੀਪ ਸਿੰਘ ਨੇ ਗੁਟਕਾ ਸਾਹਿਬ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗੁਰਧਿਆਨ ਸਿੰਘ ਨੂੰ ਸੌਂਪਿਆ ਤਾਂ ਗ੍ਰੰਥੀ ਨੇ ਗੁਟਕਾ ਸਾਹਿਬ ਦੀ ਫਿਰ ਬੇਅਦਬੀ ਕਰਦਿਆਂ ਸਾਂਭ-ਸੰਭਾਲ ਤੋਂ ਇਨਕ-ਾਰ ਕਰ ਕੇ ਉਸੇ ਬੱਚੇ ਰਾਹੀਂ ਵਾਪਸ ਗੁਟਕਾ ਸਾਹਿਬ ਅਮਰੀਕ ਸਿੰਘ ਦੇ ਘਰ ਭੇਜ ਦਿੱਤਾ ਸੀ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਜਿਮ ਵਿੱਚ ਸੁਪਰਵਾਈਜ਼ਰ ਨੂੰ ਨੰਗਾ ਕਰ ਕੇ ਕੁੱਟਿਆ ਅਤੇ ਵੀਡੀਓ ਵੀ ਬਣਾਈ ਗਈ

*** ਵੀਡੀਓ ਵਾਇਰਲ ਹੋਣ ਪਿੱਛੋਂ ਦੋ ਜਣਿਆਂ 'ਤੇ ਕੇਸ ਦਰਜ**

ਜਲੰਧਰ, 20 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਕਪੂਰਥਲਾ ਚੌਕ ਵਿੱਚਲੇ ਨਿਓ ਫਿਟਨੈਸ ਜਿਮ ਵਿੱਚ ਦੋ ਜਣਿਆਂਉੱਤੇਸੁਪਰਵਾਈਜ਼ਰ ਦੀ ਮਾਰਕੁੱਟ ਕਰਨ ਅਤੇ ਉਸ ਨੂੰ ਨੰਗਾ ਕਰ ਕੇ ਵੀਡੀਓ ਬਣਾਉਣ ਦੀ ਗੱਲ ਬਾਹਰਆਈ ਹੈ। ਵੀਡੀਓ ਵਾਇਰਲ ਹੋਣ ਉੱਤੇ ਥਾਣਾ-2 ਦੀ ਪੁਲਸ ਨੇ ਮਾਡਲ ਹਾਊਸ ਦੇ ਵਸਨੀਕ ਵਿਸ਼ਾਲ ਤੇ ਹਨੀ ਦੇ ਖਿਲਾਫ ਕੇਸ ਦਰਜ ਕੀਤਾ ਹੈ, ਪਰ ਦੋਸ਼ੀਆਂ ਦੀ ਫਿਲਹਾਲ ਗ੍ਰਿਫਤਾਰੀ ਨਹੀਂ ਹੋਈ।

ਅਵਤਾਰ ਨਗਰ ਦੇ ਵਸਨੀਕ ਉਸਮਾਨ ਨੇ ਦੱਸਿਆ ਕਿ ਉਹ ਛੇ ਸਾਲ ਤੋਂ ਜਿਮ ਵਿੱਚ ਮੈਨੇਜਿੰਗ ਸੁਪਰਵਾਈਜ਼ਰ ਹੈ। ਬੀਤੇ ਦਿਨੀਂ ਉਹ ਜਿਮ ਵਿੱਚ ਪੇਂਟ ਦਾ ਕੰਮ ਦੇਖਣ ਲਈ ਦੁਪਹਿਰ 12 ਵਜੇ ਪਹੁੰਚਿਆ ਤਾਂ ਉਥੇ ਵਿਸ਼ਾਲ ਅਤੇ ਹਨੀ ਮੌਜੂਦ ਸਨ। ਵਿਸ਼ਾਲ ਨੇ ਹਨੀ ਨੂੰ ਕੋਈ ਚੀਜ਼ ਦੇ ਕੇ ਕਿਹਾ ਕਿ ਇਸ ਨਾਲ ਸਰੀਰ ਵਿੱਚ ਫੁਰਤੀ ਰਹਿੰਦੀ ਹੈ ਅਤੇ ਆਦਮੀ ਸਾਰਾ ਦਿਨ ਮਸਤ ਰਹਿੰਦਾ ਹੈ। ਉਸਮਾਨ ਦੇ ਅਨੁਸਾਰ ਜਦ ਉਸ ਨੇ ਜਿਮ ਵਿੱਚ ਨਸ਼ੇ ਦੀ ਵਰਤੋਂ ਨਾ ਕਰਨ ਤੇ ਇਸ ਬਾਰੇ ਵਿੱਚ ਮਾਲਕ ਨੂੰ ਦੱਸਣ ਦੀ ਚਿਤਾਵਨੀ ਦਿੱਤੀ ਤਾਂ ਉਸ ਨਾਲ ਗਾਲੀ-ਗਲੋਚ ਕਰ ਕੇ ਮਾਰਕੁੱਟ ਕੀਤੀ ਗਈ ਅਤੇ ਉਸ ਨੂੰ ਬਾਥਰੂਮ ਵਿੱਚ ਲਿਜਾ ਕੇ ਨੰਗਿਆਂ ਕਰਕੇਉਨ੍ਹਾਂ ਨੇ ਵੀਡੀਓ ਵੀ ਬਣਾਈ। ਫਿਰ ਉਨ੍ਹਾਂ ਦੋਵਾਂ ਨੇ ਧਮਕੀ ਦਿੱਤੀ ਕਿ ਜੇ ਨਸ਼ੇ ਦੇ ਬਾਰੇ ਕਿਸੇ ਨੂੰ ਦੱਸਿਆ ਤਾਂ ਵੀਡੀਓ ਵਾਇਰਲ ਕਰ ਦੇਣਗੇ। ਉਸਮਾਨ ਨੇ ਕਿਹਾ ਕਿ ਘਰ ਮੁੜਨ ਦੇ ਕੁਝ ਦੇਰ ਬਾਅਦ ਉਸ ਦੇ ਸਾਲੇ ਦਾਨਿਸ਼ ਦਾ ਫੋਨ ਆਇਆ ਕਿ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਸ ਦੇ ਨਾਲ ਮਾਰਕੁੱਟ ਕੀਤੀ ਜਾ ਰਹੀ ਹੈ। ਇਸ ਦੇ ਬਾਅਦ ਥਾਣਾ-2 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ।

# ਸਹੁਰੇ ਪਰਵਾਰ ਵੱਲੋਂ ਅਣਖ ਦੇ ਨਾਂਅ ਉੱਤੇ ਜਵਾਈ ਦਾ ਕਤਲ

ਭੋਗਪੁਰ, 20 ਸਤੰਬਰ (ਪੋਸਟ ਬਿਊਰੋ)- ਬਲਾਕ ਭੋਗਪੁਰ ਦੇ ਪਿੰਡ ਭਟਨੂਰਾ ਲੁਬਾਣਾ ਵਿੱਚ ਪੰਜ ਸਾਲ ਪਹਿਲਾਂ ਪ੍ਰੇਮ ਵਿਆਹ ਕਰਨ ਵਾਲੇ ਲੜਕੇ ਦਾ ਲੜਕੀ ਦੇ ਪਰਵਾਰ ਨੇ ਅਣਖ ਦੇ ਨਾਂਅ ਉੱਤੇ ਕਤਲ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜ ਸਾਲ ਪਹਿਲਾਂ ਪਿੰਡ ਭਟਨੂਰਾ ਦੇ ਨੌਜਵਾਨ ਗੁਰਿੰਦਰ ਸਿੰਘ ਲੱਕੀ ਦੇ ਏਸੇ ਪਿੰਡ ਦੇ ਸੁਰਜੀਤ ਸਿੰਘ ਦੀ ਧੀ ਹਰਦੀਪ ਕੌਰ ਨਾਲ ਪ੍ਰੇਮ ਸੰਬੰਧ ਬਣ ਗਏ ਤਾਂ ਵੱਖ-ਵੱਖ ਜਾਤਾਂ ਹੋਣ ਦੇ ਬਾਵਜੂਦ ਦੋਵਾਂ ਨੇ ਆਪੋ-ਆਪਣੇ ਪਰਵਾਰਾਂ ਨੂੰ ਵਿਆਹ ਦੋਵਾਂ ਦਾ ਵਿਆਹ ਪਿੰਡ ਦੇ ਗੁਰਦੁਆਰੇ ਵਿੱਚ ਕਰਨ ਲਈਮਜਬੂਰ ਕਰ ਦਿੱਤਾ ਸੀ। ਦਿੱਤਾ,ਪਰ ਹਰਦੀਪ ਕੌਰ ਦੇ ਪਰਵਾਰ ਨੇ ਲੱਕੀ ਦੇ ਪਰਵਾਰ ਨਾਲ ਸੰਬੰਧ ਤੋੜ ਲਏ। ਫਿਰ ਲੱਕੀ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ। ਕੱਲ੍ਹ ਰਾਤ ਅਚਾਨਕ ਲੱਕੀ ਆਪਣੇ ਸਹੁਰੇ ਘਰ ਗਿਆ, ਜਿੱਥੇ ਉਸ ਦੀ ਸੱਸ ਰਾਜਿੰਦਰ ਕੌਰ ਅਤੇ ਦੋਵਾਂ ਸਾਲਿਆਂ ਮਨਿੰਦਰ ਸਿੰਘ ਅਤੇ ਵਰਿੰਦਰ ਪਾਲ ਸਿੰਘ ਨੇ ਕੈਂਚੀਆਂ ਮਾਰ-ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਰੌਲਾ ਪੈਣ ਉੱਤੇ ਲੱਕੀ ਦੇ ਪਰਵਾਰਕ ਮੈਂਬਰ ਮੌਕੇਓਥੇ ਗਏ ਅਤੇ ਜ਼ਖਮੀ ਹਾਲਤ ਵਿੱਚ ਚੁੱਕ ਕੇ ਲੱਕੀ ਨੂੰ ਸਿਵਲ ਹਸਪਤਾਲ ਕਾਲਾ ਬੱਕਰਾ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਦੇ ਪਰਵਾਰ ਦਾ ਕਹਿਣਾ ਹੈ ਕਿ ਲੱਕੀ ਨੂੰ ਉਸ ਦੇ ਸਹੁਰਾ ਪਰਵਾਰ ਨੇ ਘਰ ਸੱਦ ਕੇ ਮਾਰਿਆ ਹੈ ਤੇ ਮਾਰਨ ਵਾਲਿਆਂ ਵਿੱਚ ਹੋਰ ਦੋਸ਼ੀ ਵੀ ਹਨ। ਉਨ੍ਹਾਂ ਮੰਗ ਕੀਤੀ ਕਿ ਸਾਰੇ ਦੋਸ਼ੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਪਿੰਡ ਦੇ ਸਰਪੰਚ ਬਲਾਕ ਸਮਿਤੀ ਮੈਂਬਰ ਤੇ ਮਾਰਕੀਟ ਕਮੇਟੀ ਭੋਗਪੁਰ ਦੇ ਚੇਅਰਮੈਨ ਸਰਬਜੀਤ ਸਿੰਘ ਭਟਨੂਰਾ ਨੇ ਦੱਸਿਆ ਕਿ ਲੱਕੀ ਅਤੇ ਹਰਦੀਪ ਕੌਰ ਦੇ ਪਰਵਾਰਾਂ ਦਾ ਅੱਗੇ ਕਦੇ ਕੋਈ ਵੀ ਟਕਰਾਅ ਨਹੀਂ ਸੀ ਹੋਇਆ। ਥਾਣਾ ਮੁਖੀ ਇੰਸਪੈਕਟਰ ਹਰਿੰਦਰ ਸਿੰਘ ਨੇ ਦੱਸਿਆ ਕਿ ਤਿੰਨਾਂ ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ ਅਤੇ ਲੱਕੀ ਦੀ ਸੱਸ ਰਾਜਿੰਦਰ ਕੌਰ ਤੇ ਸਾਲੇ ਵਰਿੰ-ਦਰ ਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਦੂਜੇ ਪਾਸੇ ਮਨਿੰਦਰ ਸਿੰਘ ਨੂੰ ਵੀ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

# ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਮਹੰਤ ਨਰੇਂਦਰ ਗਿਰੀ ਵੱਲੋਂ ਖੁਦਕੁਸ਼ੀ

## * ਸੁਸਾਈਡ ਨੋਟ ਵਿੱਚ ਪ੍ਰਮੁੱਖ ਚੇਲੇ ਉੱਤੇ ਦੋਸ਼ ਲਾਏ



ਪ੍ਰਯਾਗਰਾਜ, 20 ਸਤੰਬਰ, (ਪੋਸਟ ਬਿਊਰੋ)- ਸਾਰੇ ਭਾਰਤ ਵਿੱਚ ਆਪਣੇ ਬਿਆਨਾਂ ਦੇ ਕਾਰਨ ਖਬਰਾਂ ਵਿੱਚ ਰਹਿਣ ਵਾਲੇ ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਮਹੰਤ ਨਰੇਂਦਰ ਗਿਰੀ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ। ਉਨ੍ਹਾਂ ਦੀਲਾਸ਼ ਅੱਲਾਪੁਰ ਵਿੱਚ ਬਾਘੰਬਰੀ ਗੱਦੀ ਮੱਠ ਦੇ ਕਮਰੇ ਵਿੱਚ ਲਟਕਦੀ ਮਿਲੀ ਹੈ।

ਇਸ ਦੀ ਖ਼ਬਰ ਮਿਲਦੇ ਸਾਰ ਪੁਲਿਸ ਅਫਸਰ ਮੌਕੇ ਉੱਤੇ ਪਹੁੰਚ ਗਏ। ਆਈਜੀ ਰੇਂਜ ਕੇਪੀ ਸਿੰਘ ਨੇ ਦੱਸਿਆ ਕਿ ਇਹ ਫਾਹਾ ਲਾ ਕੇ ਆਤਮਹੱਤਿਆ ਕਰਨ ਦਾ ਮਾਮਲਾ ਲੱਗਦਾ ਹੈ, ਜਿਸ ਦੀ ਜਾਂਚ ਲਈ ਫੌਰੈਂਸਿਕ ਟੀਮ ਮੌਕੇ ਉੱਤੇ ਸੱਦੀ ਹੈ।ਮਹੰਤ ਦੀ ਮੌਤ ਦੀ ਖਬਰ ਪਿੱਛੋਂ ਉਨ੍ਹਾਂ ਦੇ ਭਗਤ ਮੱਠ ਵਿਖੇ ਇਕੱਠੇ ਹੋ ਗਏ ਅਤੇ ਪੁਲਿਸ ਨੂੰ ਭੀੜ ਨੂੰ ਸੰਭਾਲਣ ਲਈ ਮਿਹਨਤ ਕਰਨੀ ਪਈ। ਪੁਲਸ ਦਾ ਕਹਿਣਾ ਹੈ ਕਿ ਜਾਂਚ ਦੌਰਾਨ ਇੱਕ ਸੁਸਾਈਡ ਨੋਟ ਵੀ ਮਿਲਿਆਹੈ।

ਵਰਨਣ ਯੋਗ ਹੈ ਕਿ ਸੰਗਮ ਤੱਟ ਉੱਤੇ ਹਨੂੰਮਾਨ ਮੰਦਰ ਦੇ ਮਹੰਤ ਸਵਾਮੀ ਨਰੇਂਦਰ ਗਿਰੀ ਅਤੇ ਉਨ੍ਹਾਂ ਦੇ ਪ੍ਰਮੁੱਖ ਚੇਲੇ ਚਰਚਿਤ ਯੋਗ ਗੁਰੂ ਆਨੰਦ ਗਿਰੀ ਵਿਚਕਾਰ ਪਿਛਲੇ ਦਿਨੀਂ ਇੱਕ ਵੱਡਾ ਵਿਵਾਦ ਸੁਰਖ਼ੀਆਂ ਵਿੱਚ ਰਿਹਾ ਹੈ। ਆਨੰਦ ਗਿਰੀ ਨੂੰ ਅਖਾੜਾ ਪ੍ਰੀਸ਼ਦ ਅਤੇ ਮੱਠ ਬਾਘੰਬਰੀ ਗੱਦੀ ਦੇ ਅਹੁਦੇਦਾਰਾਂ ਨੇ ਅਹੁਦੇ ਤੋਂ ਹਟਾ ਦਿੱਤਾ ਸੀ।ਉਸ ਵਕਤ ਮ੍ਰਿਤਕ ਅਖਾੜਾ ਮੁਖੀ ਅਤੇ ਆਨੰਦ ਗਿਰੀ ਦੋਵਾਂ ਨੇ ਇਕ-ਦੂਸਰੇ ਉੱਤੇਦੋਸ਼ ਵੀ ਲਾਏ ਸਨਅਤੇ ਸਾਰੇ ਸਾਧੂ ਸੰਤਾਂ ਨੇ ਓਦੋਂ ਮਹੰਤ ਨਰੇਂਦਰ ਗਿਰੀ ਦਾ ਪੱਖ ਲਿਆ ਕੀਤੀ ਸੀ। ਨਰੇਂਦਰ ਗਿਰੀ ਨੇ ਕਿਹਾ ਸੀ ਕਿ ਆਨੰਦ ਗਿਰੀ ਮਾਫ਼ੀ ਮੰਗ ਲੈਂਦਾ ਹੈ ਤਾਂ ਉਸ ਦੇ ਬਾਰੇ ਇੱਕ ਵਾਰ ਫਿਰ ਕੁਝ ਸੋਚਿਆ ਜਾ ਸਕਦਾ ਹੈ। ਬਾਅਦ ਵਿੱਚ ਆਨੰਦ ਗਿਰੀ ਨੇ ਮਾਫ਼ੀ ਮੰਗ ਲਈ ਸੀ, ਪਰ ਉਸ ਨੂੰ ਅਹੁਦੇ ਤੋਂ ਹਟਾਉਣ ਦੇ ਆਦੇਸ਼ ਵਾਪਸ ਨਹੀਂ ਸਨ ਲਏ ਗਏ, ਇਸ ਕਾਰਨ ਵਿਵਾਦ ਚੱਲਦਾ ਸੀ। ਅੱਜ ਦੀ ਘਟਨਾ ਦੇ ਬਾਅਦ ਮਿਲੇ ਸੁਸਾਈਡ ਨੋਟ ਵਿੱਚ ਮਹੰਤ ਆਨੰਦ ਗਿਰੀ ਉੱਤੇ ਦੋਸ਼ ਲਾਏ ਗਏ ਹਨ।

# ਰੂਸ ਅਤੇ ਅਮਰੀਕਾ ਦੀ ਇੱਕ-ਇੱਕ ਯੂਨੀਵਰਸਿਟੀ ਵਿੱਚ ਗੋਲੀਬਾਰੀ

## * ਰੂਸੀ ਗੋਲੀ ਕਾਂਡ ਵਿੱਚ 8 ਲੋਕਾਂ ਦੀ ਮੌਤ, ਅਮਰੀਕਾ ਵਿੱਚ ਦੋ ਮੌਤਾਂ



ਮਾਸਕੋ, 20 ਸਤੰਬਰ, (ਪੋਸਟ ਬਿਊਰੋ)-ਅੱਜ ਇੱਕੋ ਦਿਨ ਸੰਸਾਰ ਦੀਆਂ ਦੋ ਮਹਾ ਸ਼ਕਤੀਆਂ ਰੂਸ ਅਤੇ ਅਮਰੀਕਾ ਵਿੱਚ ਯੂਨੀਵਰਸਿਟੀਜ਼ ਵਿੱਚ ਗੋਲੀ ਕਾਂਡ ਅਤੇ ਇਸ ਦੌਰਾਨ ਮੌਤਾਂ ਹੋਣ ਦੀ ਖਬਰ ਆਈ ਹੈ।

ਰੂਸ ਦੀ ਪਰਮ ਸਟੇਟ ਯੂਨੀਵਰਸਿਟੀਵਿੱਚ ਇਕ ਅਣਪਛਾਤੇ ਹਮਲਾਵਰ ਨੇ ਗੋਲੀਬਾਰੀ ਕੀਤੀ ਹੈ, ਜਿਸ ਵਿਚ 8 ਲੋਕਾਂ ਦੀ ਮੌਤ ਹੋ ਗਈ ਤੇ 6 ਹੋਰ ਜ਼ਖਮੀ ਹੋ ਗਏ ਹਨ।ਪਰਮ ਖੇਤਰ ਦੇ ਸਿਹਤ ਮੰਤਰਾਲੇ ਨੇ 14 ਲੋਕ ਜ਼ਖਮੀ ਹੋਏ ਦੱਸੇ ਹਨ। ਪਰਮ ਸਟੇਟ ਯੂਨੀਵਰਸਿਟੀ ਦੀ ਪ੍ਰੈੱਸ ਸਰਵਿਸ ਮੁਤਾਬਕ ਅਣਪਛਾਤੇ ਅਪਰਾਧੀ ਤੋਂ ਆਪਣੀਆਂ ਜਾਨਾਂ ਬਚਾਉਣ ਦੇ ਲਈ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਟਾਫ ਨੇ ਖੁਦ ਨੂੰ ਕਮਰਿਆਂ ਵਿਚ ਬੰਦ ਕਰ ਲਿਆ ਤੇ ਯੂਨੀਵਰਸਿਟੀ ਨੇ ਉਨ੍ਹਾਂ ਲੋਕਾਂ ਨੂੰ ਕੰਪਲੈਕਸ ਛੱਡਣ ਨੂੰ ਕਿਹਾ, ਜਿਹੜਾ ਇਸ ਤਰ੍ਹਾਂ ਕਰ ਸਕਦੇ ਸਨ। ਇਸ ਬਾਰੇ ਰੂਸ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਬੰਦੂਕਧਾਰੀ ਨੂੰ ਬਾਅਦ ਵਿਚ ਘੇਰ ਲਿਆ ਗਿਆ ਅਤੇ ਜਾਂਚ ਕਮੇਟੀ ਨੇ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਕਾਰੀ ਤਾਸ ਸਮਾਚਾਰ ਏਜੰਸੀ ਨੇ ਇਕ ਕਾਨੂੰਨੀ ਸਰੋਤ ਦੇ ਹਵਾਲੇ ਨਾਲ ਦੱਸਿਆ ਕਿ ਕੁਝ ਵਿਦਿਆਰਥੀਆਂ ਨੇ ਜਾਨ ਬਚਾਉਣ ਲਈ ਇਕ ਇਮਾਰਤ ਦੀਆਂ ਖਿੜਕੀਆਂ ਤੋਂ ਬਾਹਰ ਛਾਲ ਮਾਰ ਦਿੱਤੀਆਂ ਸਨ ਅਤੇ ਖੇਤਰੀ ਸਿਹਤ ਮੰਤਰਾਲੇ ਦੇ ਮੁਤਾਬਕ ਜ਼ਖਮੀਆਂ ਨੂੰ ਗੋਲੀਬਾਰੀ ਅਤੇ ਭੱਜਣ ਦੀ ਕੋਸ਼ਿਸ਼ ਵਿਚ ਸੱਟਾਂ ਲੱਗੀਆਂ ਹਨ।

ਦੂਸਰੇ ਪਾਸੇ ਅਮਰੀਕਾ ਵਿੱਚ ਫਰਿਜ਼ਨੋ (ਕੈਲੀਫੋਰਨੀਆ) ਦੀ ਨਾਰਥ ਕੈਰੋਲੀਨਾ ਸੈਂਟਰਲ ਯੂਨੀਵਰਸਿਟੀ (ਐੱਨ ਸੀ ਸੀ ਯੂ) ਵਿੱਚਗੋਲੀਬਾਰੀਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਹੈ। ਪੁਲਸ ਨੇ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਡਰਹਮ ਦੀ ਨਾਰਥ ਕੈਰੋਲੀਨਾ ਸੈਂਟਰਲ ਯੂਨੀਵਰਸਿਟੀ ਦੀ ਪਾਰਕਿੰਗ ਵਿੱਚ ਦੋ ਲੋਕਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਡਰਹਮ ਪੁਲਸ ਵਿਭਾਗ ਅਨੁਸਾਰ ਗੋਲੀ ਲੱਗੇ ਦੋ ਜਣਿਆਂ ਨੂੰ ਹਸਪਤਾਲ ਪੁੱਜਦੇ ਸਾਰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਇਸ ਬਾਰੇ ਯੂਨੀਵਰਸਿਟੀ, ਪੁਲਸ ਅਤੇ ਪਬਲਿਕ ਸੇਫਟੀ ਵਿਭਾਗ ਨੇ ਕਿਹਾ ਕਿ ਪੀੜਤ, ਜਿਨ੍ਹਾਂ ਦਾ ਨਾਮ ਨਹੀਂ ਦੱਸਿਆ ਗਿਆ, ਇਸ ਯੂਨੀਵਰਸਿਟੀ ਦੇ ਵਿਦਿਆਰਥੀ ਨਹੀਂ ਸਨ। ਇਸ ਗੋਲੀਬਾਰੀ ਸਮੇਂ ਓ'ਕੇਲੀ-ਰਿਡਿਕ ਸਟੇਡੀਅਮ ਵਿਖੇ ਵਿੰਸਟਨ-ਸਲੇਮ ਸਟੇਟ ਯੂਨੀਵਰਸਿਟੀ ਦੇ ਵਿਰੁੱਧ ਇਸ ਯੂਨੀਵਰਸਿਟੀ ਦੇ ਮੈਚ ਦੌਰਾਨ 5,600 ਤੋਂ ਵੱਧ ਲੋਕ ਇਕੱਠੇ ਹੋਏ ਸਨ। ਇਸ ਗੋਲੀਬਾਰੀ ਦੇ ਕਾਰਨ ਜਾਂ ਸੰਭਾਵਤ ਸ਼ੱਕੀ ਲੋਕਾਂ ਬਾਰੇ ਪੁਲਸ ਨੇ ਹਾਲੇਕੋਈਜਾਣਕਾਰੀ ਨਹੀਂ ਦਿੱਤੀ।

# ਸਪੇਸ ਐਕਸ ਦੇ ਕੈਪਸੂਲ ਵਿੱਚ ਚਾਰ ਯਾਤਰੀ ਪੁਲਾੜ ਦੀ ਸੈਰ ਕਰ ਕੇ ਵਾਪਸ ਆਏ

## * 585 ਕਿਲੋਮੀਟਰ ਦੀ ਉਚਾਈ ਤਕ ਗਿਆ ਡਰੈਗਨ ਕੈਪਸੂਲ



ਕੇਪ ਕੈਨਵਰਲ, 20 ਸਤੰਬਰ (ਪੋਸਟ ਬਿਊਰੋ)- ਸੈਰ ਸਪਾਟੇ ਲਈ ਸਪੇਸ ਵਿੱਚ ਗਏ ਚਾਰ ਯਾਤਰੀ ਸੁਰੱਖਿਅਤ ਆਪਣਾ ਸਫਰ ਮੁਕੰਮਲ ਕਰ ਕੇ ਫਲੋਰੀਡਾ ਦੇ ਤੱਟ ਨੇੜੇ ਅਟਲਾਂਟਿਕ ਮਹਾਸਾਗਰ ਵਿੱਚ ਉਤਰ ਆਏ ਹਨ।


ਵਰਨਣ ਯੋਗ ਹੈ ਕਿ ਇਨ੍ਹਾਂ ਯਾਤਰੀਆਂ ਨੇ ਸਪੇਸ ਐਕਸ ਦੇ ਪੁਲਾੜ ਜਹਾਜ਼ ਰਾਹੀਂ ਉਡਾਣ ਭਰੀ ਸੀ ਅਤੇ ਕੈਪਸੂਲ ਤੋਂ ਪੈਰਾਸ਼ੂਟ ਰਾਹੀਂ ਸਾਗਰ ਵਿੱਚ ਉਤਰੇ ਹਨ। ਤਿੰਨ ਦਿਨ ਪਹਿਲਾਂ ਉਨ੍ਹਾਂ ਨੇ ਚਾਰਟਰਡ ਜਹਾਜ਼ ਵਿੱਚ ਪੁਲਾੜ ਵੱਲ ਉਡਾਣ ਭਰੀ ਸੀ। ਇਹ ਪਹਿਲੇ ਯਾਤਰੀ ਹਨ, ਜੋ ਕਿਸੇ ਪੇਸ਼ੇਵਰ ਪੁਲਾੜ ਯਾਤਰੀ ਦੇ ਬਿਨਾਂ ਧਰਤੀ ਦਾ ਗੇੜਾ ਲਾ ਕੇ ਪਰਤੇ ਹਨ। ਇੱਕ ਅਰਬਪਤੀ ਨੇ ਇਸ ਸੈਰ ਸਪਾਟਾ ਉਡਾਣ ਲਈ ਲੱਖਾਂ ਡਾਲਰ ਖਰਚੇ ਹਨ, ਪਰ ਕੀਮਤ ਦਾ ਖੁਲਾਸਾ ਨਹੀਂ ਕੀਤਾ। ਉਹ ਤਿੰਨ ਮਹਿਮਾਨਾਂ ਨੂੰ ਨਾਲ ਲੈ ਕੇ ਗਿਆ ਤਾਂ ਕਿ ਦੁਨੀਆ ਨੂੰ ਦਿਖਾ ਸਕੇ ਕਿ ਆਮ ਲੋਕ ਵੀ ਆਪਣੇ ਦਮ ਉਤੇ ਪੁਲਾੜ ਦੀ ਸੈਰ ਕਰ ਸਕਦੇ ਹਨ।ਐਲਨ ਮਸਕ ਦੀ ਕੰਪਨੀ ਸਪੇਸ ਐਕਸ ਨੇ ਸੈਲਾਨੀਆਂ ਦੀ ਇਹ ਪਹਿਲੀ ਰਾਕੇਟ ਨਾਲ ਲੈਸ ਉਡਾਣ ਪੁਲਾੜ ਵੱਲ ਭੇਜੀ ਸੀ। ਇਸ ਨੂੰ ਸਪਾਂਸਰ ਕਰਨ ਵਾਲੇ ਜੇਰਡ ਇਸਾਕਮੈਨ ਨੇ ਕਿਹਾ ਕਿ ਇਹ ਬਹੁਤ ਸ਼ਾਨਦਾਰ ਤਜਰਬਾ ਸੀ। ਸਪੇਸ ਐਕਸ ਦਾ ਆਟੋਮੈਟਿਕ ਡਰੈਗਨ ਕੈਪਸੂਲ ਬੁੱਧਵਾਰ ਉਡਾਣ ਭਰਨ ਮਗਰੋਂ 585 ਕਿਲੋਮੀਟਰ ਦੀ ਉਚਾਈ ਉਤੇ ਚਲਾ ਗਿਆ ਸੀ। ਇਹ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਵੀ 160 ਕਿਲੋਮੀਟਰ ਅੱਗੇ ਤੱਕ ਚਲਾ ਗਿਆ ਸੀ। ਯਾਤਰੀਆਂ ਨੇ ਕੈਪਸੂਲ ਦੀ ਤਾਕੀ ਵਿੱਚੋਂ ਗੋਲ ਧਰਤੀ ਦੇ ਨਜ਼ਾਰੇ ਦੇਖੇ।

# ਸਾਬਕਾ ਮੁੱਖ ਮੰਤਰੀ ਦੀ ਨੂੰਹ ਨੇ ਨਸ਼ਾ ਤਸਕਰੀ ਲਈ ਪਤੀ ਗਹਿਣੇ ਰੱਖ ਦਿੱਤਾ

ਸਿਲੀਗੁੜੀ, 20 ਸਤੰਬਰ (ਪੋਸਟ ਬਿਊਰੋ)- ਨਸ਼ਾ ਤਸਕਰੀ ਵਿੱਚ ਸ਼ਾਮਲ ਮਣੀਪੁਰ ਦੇ ਸਾਬਕਾ ਮੁੱਖ ਮੰਤਰੀ ਦੀ ਨੂੰਹ ਨੇ ਆਪਣੇ ਪਤੀ ਨੂੰ ਗਹਿਣੇ ਰੱਖ ਦਿੱਤਾ। ਬਰਾਊਨ ਸ਼ੂਗਰ ਤਸਕਰੀ ਦੇ ਦੋਸ਼ ਵਿੱਚ ਅੱਜਕੱਲ੍ਹਉਹ ਜਲਪਾਈਗੁੜੀ ਜੇਲ੍ਹ ਵਿੱਚ ਕੈਦ ਹੈ ਅਤੇ ਸਾਬਕਾ ਮੁੱਖ ਮੰਤਰੀ ਦੇ ਬੇਟੇ ਦੇ ਨਾਲ ਤਸਕਰ ਗਿਰੋਹ ਦੇ ਬਾਕੀ ਮੈਂਬਰਾਂ ਦੀ ਤਲਾਸ਼ ਵਿੱਚ ਬੰਗਾਲ ਪੁਲਸ ਦੀ ਸਪੈਸ਼ਲ ਟਾਸਕ ਫੋਰਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ।

ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਨੇ 17 ਸਤੰਬਰ ਦੀ ਰਾਤ ਸਿਲੀਗੁੜੀ ਨਾਲ ਲੱਗਦੇ ਜਲਪਾਈਗੁੜੀ ਜ਼ਿਲ੍ਹੇ ਦੇ ਫਾਟਾਪੋਖਰ ਟੋਲ ਗੇਟ ਉੱਤੇ ਅਸਾਮ ਤੋਂ ਬਿਹਾਰ ਦੇ ਮੁਜ਼ੱਫਰਨਗਰ ਜਾਂਦੀ ਬੱਸ ਵਿੱਚ ਸਵਾਰ ਤਿੰਨ ਨੌਜਵਾਨਾਂ, ਮੇਰਠ ਦੇ ਤੌਸੀਫ ਅੰਸਾਰੀ ਅਤੇ ਅਸਾਮ ਦੇ ਅਲੀਮੁਦੀਨ ਰਹਿਮਾਨ ਅਤੇ ਸੱਦਾਮ ਅਲੀ ਨੂੰ ਇੱਕ ਕਿਲੋ ਬਰਾਊਨ ਸ਼ੂਗਰ ਨਾਲ ਕਾਬੂ ਕੀਤਾ ਸੀ।ਇਸ ਤੋਂ ਕਰੀਬ 20 ਦਿਨ ਪਹਿਲਾਂ ਐਸ ਟੀ ਐਫ ਨੇ ਉਤਰ ਪੂਰਬ ਦੇ ਦੂਸਰੇ ਸਭ ਤੋਂ ਵੱਡੇ ਰੇਲਵੇ ਸਟੇਸ਼ਨ ਉੱਤੇ ਅਸਾਮ ਤੋਂ ਦਿੱਲੀ ਜਾਂਦੀ ਰਾਜਧਾਨੀ ਐਕਸਪ੍ਰੈਸ ਵਿੱਚ ਤਲਾਸ਼ੀ ਦੌਰਾਨ ਕਰੀਬ ਚਾਰ ਕਿਲੋਗਰਾਮ ਬਰਾਊਨ ਸ਼ੂਗਰ ਫੜੀ ਸੀ। ਐਸ ਟੀ ਐਫ ਨੇ ਉਸੇ ਕੋਚ ਵਿੱਚੋਂ ਇੱਕ ਔਰਤ ਸਮੇਤ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ।ਔਰਤ ਲਾਲੀਜਾਨ ਬੇਗ਼ਮ ਸਾਲ 1972 ਵਿੱਚ ਮਣੀਪੁਰ ਦੇ ਮੁੱਖ ਮੰਤਰੀ ਰਹਿ ਚੁੱਕੇ ਮੁਹੰਮਦ ਅਲੀਮੁਦੀਨ ਦੇ ਬੇਟੇ ਮੁਹੰਮਦ ਇਸਲਾਮੁਦੀਨ ਦੀ ਪਤਨੀ ਦੱਸੀ ਜਾਂਦੀ ਹੈ। ਉਹ ਪਤੀ ਨਾਲ ਮਣੀਪੁਰ ਦੇ ਥੌਬਲ ਜ਼ਿਲ੍ਹੇ ਵਿੱਚ ਰਹਿੰਦੀ ਹੈ। ਲਾਲੀਜਾਨ ਲੰਬੇ ਸਮੇਂ ਤੋਂ ਨਸ਼ਾ ਤਸਕਰੀ ਵਿੱਚ ਸ਼ਾਮਲ ਹੈ ਅਤੇ ਆਪਣੇ ਗਿਰੋਹ ਨਾਲ ਕਈ ਵਾਰ ਨਸ਼ੀਲੇ ਪਦਾਰਥਾਂ ਦੀ ਖੇਪ ਮਣੀਪੁਰ ਤੋਂ ਬਿਹਾਰ ਸਮੇਤ ਉਤਰ ਭਾਰਤ ਦੇ ਕਈ ਰਾਜਾਂ ਵਿੱਚ ਪਹੁੰਚਾ ਚੁੱਕੀ ਹੈ, ਪਰ ਉਹ ਪਹਿਲੀ ਵਾਰ ਫੜੀ ਗਈ ਹੈ।ਐਸ ਟੀ ਐਫ ਨੇ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਤਾਂ ਹੈਰਾਨੀ ਵਾਲਾ ਭੇਦ ਖੁੱਲ੍ਹਾ। ਤਸਕਰਾਂ ਨੇ ਦੱਸਿਆ ਕਿ ਬਿਹਾਰ ਦੇ ਕਿਸ਼ਨਗੰਜ ਦੇ ਨਸ਼ਾ ਤਸਕਰ ਨੇ ਚਾਰ ਕਿਲੋ ਬਰਾਊਨ ਸ਼ੂਗਰ ਲਈ ਲਾਲੀਜਾਨ ਨੂੰ ਪੰਜਾਹ ਲੱਖ ਰੁਪਏ ਦਿੱਤੇ ਸਨ ਅਤੇ ਨਸ਼ੇ ਦੀ ਡਲਿਵਰੀ ਦੇਣ ਤਕ ਉਹ ਆਪਣੇ ਪਤੀ ਨੂੰ ਨਸ਼ਾ ਤਸਕਰ ਕੋਲ ਗਿਰਵੀ ਰੱਖ ਕੇ ਆਈ ਸੀ, ਪਰ ਬਰਾਊਨ ਸ਼ੂਗਰ ਲੈ ਕੇ ਆਉਂਦੇ ਸਮੇਂ ਲਾਲੀਜਾਨ ਐਸ ਟੀ ਐਫ ਦੇ ਹੱਥੇ ਚੜ੍ਹ ਗਈ। ਉਸਤੋਂ ਪੁੱਛਗਿੱਛ ਦੇ ਆਧਾਰ ਉੱਤੇ ਐਸ ਟੀ ਐਫ ਨੇ ਬਿਹਾਰ ਦੇ ਕਿਸ਼ਨਗੰਜ ਵਿੱਚ ਛਾਪੇਮਾਰੀ ਵੀ ਕੀਤੀ, ਪਰਭਿਣਕ ਲੱਗਦੇ ਸਾਰ ਨਸ਼ਾ ਤਸਕਰ ਗਿਰਵੀ ਰੱਖੇ ਮੁਹੰਮਦ ਇਸਲਾਮੁਦੀਨ ਦੇ ਨਾਲ ਫਰਾਰ ਹੋ ਗਿਆ। ਐਸ ਟੀ ਐਫ ਉਨ੍ਹਾਂ ਦੀ ਤਲਾਸ਼ ਵਿੱਚ ਲੱਗੀ ਹੋਈ ਹੈ।

# ਅਭਿਨੇਤਰੀ ਆਇਸ਼ਾ ਸ਼ਰਮਾ ਏਅਰਪੋਰਟ ਉੱਤੇ ਸੁਰੱਖਿਆ ਸਟਾਫ ਨਾਲ ਲੜੀ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਅਭਿਨੇਤਰੀ ਅਤੇ ਮਾਡਲ ਆਇਸ਼ਾ ਸ਼ਰਮਾ ਨੇ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ (ਆਈ ਜੀ ਆਈ) ਉੱਤੇ ਸੁਰੱਖਿਆ ਸਟਾਫ ਵੱਲੋਂ ਜਾਂਚ ਦੌਰਾਨ ਬਦਸਲੂਕੀ ਕਰਨ ਦਾ ਦੋਸ਼ ਲਾਇਆ ਹੈ। ਉਸ ਨੇ ਆਪਣੇ ਟਵਿਟਰ ਅਕਾਊਂਟ ਉੱਤੇ ਇਸ ਬਾਰੇ ਕਈ ਪੋਸਟਾਂ ਪਾ ਕੇ ਦੱਸਿਆ ਹੈ ਕਿ ਜਾਂਚ ਦੇ ਦੌਰਾਨ ਬੈਗ ਵਿਚਲੀਆਂ ਇਲੈਕਟ੍ਰਾਨਿਕ ਆਈਟਮਾਂ, ਵਾਇਰ ਆਦਿ ਸਾਮਾਨ ਕੱਢਣ ਬਾਰੇ ਉਸ ਦੀ ਸੀ ਆਈ ਐਸ ਐਫ ਸਟਾਫ ਨਾਲ ਬਹਿਸ ਹੋ ਗਈ ਸੀ। ਦੋਸ਼ ਇਹ ਹੈ ਕਿ ਉਨ੍ਹਾਂ ਲੋਕਾਂ ਨੇ ਉਸ ਨਾਲ ਬਦਸਲੂਕੀ ਕੀਤੀ ਸੀ।

ਇਸ ਪੋਸਟ ਦੇ ਬਾਅਦ ਜਿੱਥੇ ਕੁਝ ਯੂਜ਼ਰਸ ਨੇ ਅਭਿਨੇਤਰੀ ਦਾ ਸਮਰਥਨ ਕੀਤਾ ਅਤੇ ਕਈਆਂ ਨੇ ਉਸ ਦੀ ਪੋਸਟ ਉੱਤੇ ਇਤਰਾਜ ਕਰਦੇ ਹੋਏ ਆਲੋਚਨਾ ਕੀਤੀ ਹੈ। ਦੂਜੇ ਪਾਸੇ ਦਿੱਲੀ ਏਅਰਪੋਰਟ ਪ੍ਰਸ਼ਾਸਨ ਨੇ ਟਵੀਟ ਕਰ ਅਫਸੋਸ ਪ੍ਰਗਟ ਕੀਤਾ ਹੈ। ਵਰਨਣ ਯੋਗ ਹੈ ਕਿ ਆਇਸ਼ਾ ਸ਼ਰਮਾ ਦੀ ਭੈਣ ਨੇਹਾ ਸ਼ਰਮਾ ਵੀ ਅਭਿਨੇਤਰੀ ਹੈ। ਉਹ ਮੂਲ ਰੂਪ ਵਿੱਚ ਬਿਹਾਰ ਦੇ ਭਾਗਲਪੁਰ ਦੀ ਵਸਨੀਕ ਹੈ ਅਤੇ ਉਨ੍ਹਾਂ ਦਾ ਬਚਪਨ ਆਪਣੇ ਮਾਤਾ-ਪਿਤਾ ਦੇ ਨਾਲ ਦਿੱਲੀ ਵਿੱਚ ਬੀਤਿਆ ਹੈ। ਪਤਾ ਲੱਗਾ ਹੈ ਕਿ ਆਇਸ਼ਾ ਸ਼ਰਮਾ ਗੋ ਏਅਰਵੇਜ਼ ਦੀ ਉਡਾਣ ਵਿੱਚਦਿੱਲੀ ਪਹੁੰਚੀ ਤਾਂ ਸੁਰੱਖਿਆ ਕਰਮਚਾਰੀਆਂ ਨੇ ਉਨ੍ਹਾਂ ਤੋਂ ਸਾਰੇ ਇਲੈਕਟ੍ਰਾਨਿਕ ਸਾਮਾਨ ਨੂੰ ਜਾਂਚ ਦੇ ਲਈ ਬਾਹਰ ਕੱਢਣ ਨੂੰ ਕਿਹਾ ਸੀ।

# 80 ਸਾਲਾ ਬਜ਼ੁਰਗ ਨੇ ਜ਼ਿੱਦ ਕਰਕੇ ਵਿਆਹ ਕਰਵਾਇਆ



ਲਾਹੌਰ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ 80 ਸਾਲ ਦੇ ਬਜ਼ੁਰਗ ਵੱਲੋਂ ਆਪਣੀ ਮਨਪਸੰਦ ਦੀ 60 ਸਾਲਾ ਬਜ਼ੁਰਗ ਨਾਲ ਵਿਆਹ ਕਰਵਾਉਣ ਦਾ ਮਾਮਲਾ ਚਰਚਾ ਵਿੱਚ ਹੈ। ਦੱਸਿਆ ਜਾ ਰਿਹਾ ਹੈ ਕਿ ਅਬਦੁਲ ਰਜ਼ਾਕ ਨਾਂਅ ਦੇ ਉਕਤ ਬਜ਼ੁਰਗ ਦੇ ਪੋਤੇ-ਪੋਤੀਆਂ ਇਸ ਵਿਆਹ ਤੋਂ ਬਹੁਤ ਖੁਸ਼ ਹਨ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਲੋਧਰਾਂ ਦੇ ਪਿੰਡ ਆਰੀਅਨ ਦੇ ਵਾਸੀ ਅਬਦੁਲ ਰੱਜ਼ਾਕ ਨੇ 80 ਸਾਲ ਦੀ ਉਮਰ ਵਿੱਚ ਵਿਆਹ ਕਰਨ ਦੀ ਇੱਛਾ ਜ਼ਾਹਿਰ ਕੀਤੀ ਤੇ ਉਸ ਦੇ ਪੋਤੇ-ਪੋਤੀਆਂ ਨੇ ਆਪਣੇ ਦਾਦਾ ਦੀ ਇੱਛਾ ਮੁਤਾਬਕ ਉਸ ਦੇ ਵਿਆਹ ਦਾ ਪ੍ਰਬੰਧ ਕਰ ਦਿੱਤਾ। ਬਜ਼ੁਰਗ ਦੀ ਬਰਾਤ ਸਾਰੇ ਰੀਤੀ ਰਿਵਾਜ਼ਾਂ ਨਾਲ ਪਿੰਡ ਤੋਂ ਚੱਲੀ ਅਤੇ ਸਰਾਇਕੀ ਰਿਵਾਜ਼ ਮੁਤਾਬਕ ਲਾੜੇ ਦੇ ਨਾਲ ਸਰਬਾਲ੍ਹਾ ਵੀ ਬਰਾਤ ਵਿੱਚ ਸ਼ਾਮਲ ਹੋਇਆ। ਰੱਜ਼ਾਕ ਦੇ ਪੋਤੇ ਦਰਜਨਾਂ ਕਾਰਾਂ ਵਿੱਚ ਲਾੜੀ ਦੇ ਘਰ ਗਏ ਤੇ ਵਿਆਹ ਦੀਆਂ ਸਾਰੀਆਂ ਰਸਮਾਂ ਨਿਭਾਈਆਂ। ਫਿਰ ਰੱਜ਼ਾਕ ਆਪਣੀ ਨਵੀਂ 60 ਸਾਲਾ ਲਾੜੀ ਨਾਲ ਵਿਆਹ ਕਰ ਕੇ ਉਸ ਨੂੰ ਆਪਣੇ ਘਰ ਲੈ ਗਿਆ। ਰੱਜ਼ਾਕ ਆਪਣੇ ਵਿਆਹ ਤੋਂ ਇੰਨਾ ਖੁਸ਼ ਸੀ ਕਿ ਉਹ ਆਪਣੀ ਖ਼ੁਸ਼ੀ ਨੂੰ ਲੁਕਾ ਨਹੀਂ ਸਕਿਆ ਤੇ ਉਸ ਨੇ ਵਿਆਹ ਦੀ ਖ਼ੁਸ਼ੀ ਜ਼ਾਹਿਰ ਕਰਨ ਲਈ ਨੱਚਣਾ ਸ਼ੁਰੂ ਕਰ ਦਿੱਤਾ।

# ਈਰਾਨ ਦੇ ਐਟਮੀ ਪ੍ਰੋਗਰਾਮ ਦੇ ਮੁਖੀ ਦੀ ਹੱਤਿਆ ਰਿਮੋਟ ਮਸ਼ੀਨਗੰਨ ਨਾਲ ਕੀਤੀ ਗਈ



ਵਾਸ਼ਿੰਗਟਨ, 20 ਸਤੰਬਰ (ਪੋਸਟ ਬਿਊਰੋ)- ਈਰਾਨ ਦੇ ਐਟਮੀ ਵਿਗਿਆਨੀ ਮੋਹਸਿਨ ਫਖਰੀਜਾਦੇਹ ਦੀ ਹੱਤਿਆ ਵਿੱਚ ਇਜ਼ਰਾਈਲੀ ਖੁਫੀਆ ਏਜੰਸੀ ਮੋਸਾਦ ਸ਼ਾਮਲ ਸੀ ਅਤੇ ਹੱਤਿਆ ਲਈ ਰਿਮੋਟ ਕੰਟ੍ਰੋਲ ਨਾਲ ਚੱਲਣ ਵਾਲੀ ਮਸ਼ੀਨਗੰਨ ਦੀ ਮਦਦ ਨਾਲ ਇਹ ਨਿਸ਼ਾਨਾ ਲਗਾਇਆ ਗਿਆ ਸੀ। ਸਮਝਿਆ ਜਾਂਦਾ ਹੈ ਕਿ ਇਸ ਮਸ਼ੀਨਗੰਨ ਨੇ ਇੱਕ ਮਿੰਟ ਤੋਂ ਵੀ ਘੱਟ ਸਮੇਂ ਵਿੱਚ ਇੱਕ ਵਿਅਕਤੀ ਦੇ ਕਤਲ ਦਾ ਇਹ ਮਿਸ਼ਨ ਪੂਰਾ ਕਰ ਦਿੱਤਾ ਸੀ। ਮੋਹਸਿਨ ਫਖਰੀਜਾਦੇਹ ਈਰਾਨ ਦੇ ਸਭ ਤੋਂ ਪ੍ਰਮੁੱਖ ਐਟਮੀ ਵਿਗਿਆਨੀ ਅਤੇ ਆਈ ਆਰ ਜੀ ਸੀ ਦੇ ਸੀਨੀਅਰ ਅਧਿਕਾਰੀ ਸਨ। ਉਨ੍ਹਾਂ ਨੂੰ ਈਰਾਨ ਦੇ ਐਟਮੀ ਪ੍ਰੋਗਰਾਮਾਂ ਦਾ ਪਿਤਾਮਾ ਵੀ ਕਿਹਾ ਜਾਂਦਾ ਸੀ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਹੱਤਿਆਕਾਂਡ ਲਈ ਬੈਲਜੀਅਮ ਵਿੱਚ ਬਣੀ ਐਫ ਐਨ ਐਮ ਏ ਜੀ ਮਸ਼ੀਨਗੰਨ ਨੂੰ ਇੱਕ ਅਤਿ-ਆਧੁਨਿਕ ਰੋਬੋਟਿਕ ਯੰਤਰ ਨਾਲ ਜੋੜ ਕੇ ਆਰਟੀਫਿਸ਼ੀਅਲ ਇੰਟੈਲੀਜੈਂਸ ਲੈਸ ਕੀਤਾ ਗਿਆ ਸੀ। ਇਸ ਕਾਰਨ ਪੂਰੀ ਮਸ਼ੀਨ ਦਾ ਭਾਰ ਇੱਕ ਟਨ ਦੇ ਲੱਗਭਗ ਹੋ ਗਿਆ ਸੀ। ਮਸ਼ੀਨ ਨੂੰ ਛੋਟੇ ਟੁੱਕੜਿਆਂ ਵਿੱਚ ਤਸਕਰੀ ਰਾਹੀਂ ਈਰਾਨ ਪਹੁੰਚਾਇਆ ਗਿਆ ਸੀ ਅਤੇ ਫਿਰ ਉਸ ਨੂੰ ਜੋੜਿਆ ਗਿਆ ਸੀ।


Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005



Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਂਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਉਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005
www.vipcondonetwork.com
80 Maritime Ontario Blvd #246 Brampton, ON L6S 0E7
Call: 905-488-2100 Fax : 905-488-2101

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ


401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM



KULWINDERCHHINA
BROKER
647.293.2327

Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
WWW.STARLANEPAINTING.com
ਹਰਜੀਤ ਬੈਂਸਾ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay


$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton

(905)793-2202
You can Place Your Business Here
To Reach Wider Audience



For more info Call 905-793-2202 or e-mail ads@punjabipost.ca

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

Chapel Ridge
FUNERAL HOME
& CREMATION CENTRE

ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਊਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Ranked Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ੍ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777